## 74

# ਜੀ ਉੱਠਣ ਦੀ ਸ਼ਕਤੀ

## (25:13-27)

ਮੈਂ ਕਈ ਕੈਥੇਡਰਲ ਵੇਖੇ ਹਨ ਜਿਨ੍ਹਾਂ ਵਿੱਚੋਂ ਮੈਨੂੰ ਦਿਲਖਿੱਚਵਾਂ ਲੰਦਨ ਦਾ ਵੈਸਟਮਿੰਸਟਰ ਐਬੇ ਹੀ ਲੱਗਾ ਹੈ। ਮੈਨੂੰ ਇਹ ਹੈਰਾਨੀਜਨਕ ਇਸ ਕਰਕੇ ਨਹੀਂ ਲੱਗਾ ਕਿ ਇੱਥੇ ਤਾਜਪੋਸ਼ੀਆਂ ਹੁੰਦੀਆਂ ਰਹੀਆਂ ਹਨ, ਸਗੋਂ ਇਸ ਲਈ ਕਿ ਇੱਥੇ ਬਾਦਸ਼ਾਹਾਂ, ਸਿਆਸੀ ਲੀਡਰਾਂ, ਫ਼ੌਜੀ ਅਫ਼ਸਰਾਂ ਅਤੇ ਮਸ਼ਹੂਰ ਕਲਾਕਾਰਾਂ ਨੂੰ ਦਫ਼ਨਾਇਆ ਗਿਆ ਹੈ। ਉਨ੍ਹਾਂ ਲੋਕਾਂ ਨੇ ਜ਼ਿੰਦਗੀ ਦੇ ਵੱਖੋ ਵੱਖ ਖੇਤਰਾਂ ਵਿਚ ਨਾਮਣਾ ਖੱਟਿਆ ਸੀ, ਪਰ ਇਨ੍ਹਾਂ ਕਬਰਾਂ ਵਿਚ ਇੱਕੋ ਗੱਲ ਆਮ ਸੀ ਕਿ ਹਰ ਮਸ਼ਹੂਰ ਨਾਂਅ ਦੇ ਨਾਲ ਲਿਖਿਆ ਹੋਇਆ ਸੀ ''ਇੱਥੇ ... ਦੀ ਦੇਹ ਪਈ ਹੋਈ ਹੈ।'' ਵਾਲਟਰ ਬੀ. ਨਾਈਟ ਨੇ ਇਹ ਮੁਲਾਂਕਣ ਕੀਤਾ ਹੈ:

> ਯਿਸੂ ਦੀ ਕਬਰ ਵਿਚ ਕਿੰਨੀ ਫ਼ਰਕ ਗੱਲ ਸੀ। ਉਹਦੇ ਬਾਹਰ ਇਹ ਨਹੀਂ ਲਿਖਿਆ [ਸੀ] ਕਿ ''ਇੱਥੇ ਯਿਸੂ ਦੀ ਦੇਹ ਪਈ ਹੈ,'' ਸਗੋਂ ਫ਼ਰਿਸ਼ਤੇ ਵੱਲੋਂ ਕਹੇ ਗਏ ਸ਼ਿਲਾਲੇਖ ਵਿਚ ਸੀ ਕਿ ''ਉਹ ਇੱਥੇ ਨਹੀਂ ਹੈ, ਬਲਕਿ ਜੀ ਉੱਠਿਆ ਹੈ।'' ਦੁਨਿਆਵੀ ਮਹਾਨਤਾ ਆਮ ਤੌਰ ਤੇ ਕਬਰ ਦੇ ਬੂਹੇ ਤੇ ਜਾ ਕੇ ਮੁੱਕ ਜਾਂਦੀ ਹੈ। ਯਿਸੂ ਦੀ ਸ਼ਕਤੀ ਦਾ ਸਭ ਤੋਂ ਵੱਡਾ ਮੁਜ਼ਾਹਰਾ ਕਬਰ ਤੋਂ ਹੀ ਸ਼ੁਰੂ ਹੋਇਆ ਜਿੱਥੇ ਉਹਨੇ ਮੌਤ ਉੱਤੇ ਫ਼ਤਹਿ ਪਾਈ।[1]

ਯਿਸੂ ਦਾ ਜੀ ਉੱਠਣਾ ਪੌਲੁਸ ਦੇ ਪ੍ਰਚਾਰ ਦਾ ਮੁੱਖ ਵਿਸ਼ਾ ਸੀ। ਅਥੇਨੇ ਵਿਚ ''ਉਹ ਯਿਸੂ ਦੀ ਅਰ ਕਿਆਮਤ ਦੀ ਖੁਸ਼ਖ਼ਬਰੀ ਸੁਣਾਉਂਦਾ ਸੀ'' (17:18ਸ)। ਰੋਮ ਵਿਚ ਉਹਨੇ ਲੋਕਾਂ ਨੂੰ ਦੱਸਿਆ ਸੀ ਕਿ ''ਮਸੀਹ ਯਿਸੂ ਹੀ ਹੈ ਜਿਹੜਾ ਮਰ ਗਿਆ। ਹਾਂ, ਸਗੋਂ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ'' (ਰੋਮੀਆਂ 8:34ਅ)। ਕੁਰਿੰਥੁਸ ਦੇ ਮਸੀਹੀ ਲੋਕਾਂ ਦੇ ਨਾਂਅ ਚਿੱਠੀ ਵਿਚ ਉਹਨੇ ਲਿਖਿਆ ਸੀ, ''ਜੇ ਮਸੀਹ ਨਹੀਂ ਜੀ ਉੱਠਿਆ ਹੈ ਤਾਂ ਤੁਹਾਡੀ ਨਿਹਚਾ ਅਕਾਰਥ ਹੈ। ਤੁਸੀਂ ਅਜੇ ਆਪਣੇ ਪਾਪਾਂ ਵਿਚ ਹੋ'' (1 ਕੁਰਿੰਥੀਆਂ 15:17)।

ਫਿਰ ਤਾਂ ਅਧਿਆਇ 23 ਤੋਂ 26 ਤਕ ਦੇ ਪੌਲੁਸ ਦੀਆਂ ''ਸਫ਼ਾਈਆਂ'' ਵਿਚ ਜੀ ਉੱਠਣ ਦੀ ਮੁੱਖ ਗੱਲ ਨੂੰ ਪਾ ਕੇ ਸਾਨੂੰ ਹੈਰਾਨੀ ਨਹੀਂ ਹੁੰਦੀ। ਚਾਰੇ ''ਮੁਕੱਦਮਿਆਂ''[2] ਵਿੱਚੋਂ ਹਰੇਕ ਵਿਚ ਉਸ ਨੇ ਜੀ ਉੱਠਣ ਦੀ ਗੱਲ ਤੇ ਜ਼ੋਰ ਦਿੱਤਾ: ਪਹਿਲੇ ''ਮੁਕੱਦਮੇ'' ਵਿਚ ਪੌਲੁਸ ਨੇ ਮਹਾਂਸਭਾ ਅੱਗੇ ਪੁਕਾਰ ਕੇ ਆਖਿਆ, ''ਹੇ ਭਰਾਵੋ, ... ਮੁਰਦਿਆਂ ਦੀ ਆਸ ਅਤੇ ਜੀ ਉੱਠਣ ਦੇ ਬਦਲੇ ਮੇਰੇ ਜ਼ਿੰਮੇ ਦੋਸ਼ ਲਾਈਦਾ ਹੈ'' (23:6ਸ)। ਦੂਜੇ ਮੁਕੱਦਮੇ ਵਿਚ, ਪੌਲੁਸ ਨੇ ਫ਼ੇਲਿਕਸ ਨੂੰ ਦੱਸਿਆ, ''ਪਰ ਮੈਂ ਤੁਹਾਡੇ ਅੱਗੇ ਇਹ ਮੰਨ ਲੈਂਦਾ ਹਾਂ ਭਈ ... ਮੈਂ ਆਪਣੇ ਪਿਉ ਦਾਦਿਆਂ ਦੇ ਪ੍ਰਮੇਸ਼ਵਰ ਦੀ ਉਪਾਸਨਾ ਕਰਦਾ ਹਾਂ ... ਅਤੇ ਪ੍ਰਮੇਸ਼ਵਰ ਤੋਂ ਇਹ ਰੱਖਦਾ

ਹਾਂ ਜਿਹ ਦੀ ਇਹ ਆਪ ਵੀ ਉਡੀਕ ਕਰਦੇ ਹਨ ਕਿ ਭਾਵੇਂ ਧਰਮੀ, ਭਾਵੇਂ ਕੁਧਰਮੀ ਦੋਹਾਂ ਦਾ ਜੀ ਉੱਠਣਾ ਹੋਵੇਗਾ'' (24:14, 15)। ਤੀਜੇ ਮੁਕੱਦਮੇ ਵਿਚ, ਯਿਸੂ ਦੇ ਜੀ ਉੱਠਣ ਦੀ ਪੌਲੁਸ ਦੀ ਪੇਸ਼ਕਸ ਐਨੀ ਜ਼ੋਰਦਾਰ ਸੀ ਕਿ ਫ਼ੇਲਿਕਸ ਨੂੰ ਉਹਦੀ ਸਮਝ ਤਾਂ ਨਹੀਂ ਆਈ ਪਰ ਉਹਦੇ ਮਨ ਵਿਚ ਇਹ ਨਾ ਮਿਟਣ ਵਾਲੀ ਛਾਪ ਬਣ ਗਈ (25:19)। ਅਗਲੇ ਪਾਠ ਵਿਚ, ਅਸੀਂ ਚੌਥੇ ''ਮੁਕੱਦਮੇ'' ਦਾ ਅਧਿਐਨ ਕਰਾਂਗੇ ਜਦ ਪੌਲੁਸ ਨੇ ਰਾਜਾ ਅਗ੍ਰਿੱਪਾ ਅਤੇ ਹੋਰ ਖ਼ਾਸ ਮਹਿਮਾਨਾਂ ਨੂੰ ਕਿਹਾ ਸੀ, ''ਇਹ ਗੱਲ ਕਿਉਂ ਤੁਹਾਡੇ ਲੇਖੇ ਬੇ-ਇਤਬਾਰ ਗਿਣੀਦੀ ਹੈ ਜੋ ਪ੍ਰਮੇਸ਼ਵਰ ਮੁਰਦਿਆਂ ਨੂੰ ਜਿਵਾਲੇ?'' (26:8; 26:22, 23 ਵੀ ਵੇਖੋ)।

ਅਧਿਆਇ 23 ਤੋਂ 26 ਵਿੱਚੋਂ ਜੀ ਉੱਠਣ ਦੀ ਗੱਲ ਕੱਢ ਦੇਈਏ ਤਾਂ ਇਹ ਇਕ ਰੋਮੀ ਨਾਗਰਿਕ ਨਾਲ ਬਦਸਲੂਕੀ ਦੀ ਕਹਾਣੀ ਹੀ ਨਿੱਕਲੇਗੀ। ਜੀ ਉੱਠਣ ਦੇ ਮਿਲਣ ਨਾਲ, ਸਾਨੂੰ ਪੌਲੁਸ ਦੀ ਜ਼ਿੰਦਗੀ ਵਿਚ ਇਸ ਦੀ ਸ਼ਕਤੀ ਦੀ ਜ਼ਬਰਦਸਤ ਗ਼ਵਾਹੀ ਮਿਲਦੀ ਹੈ। ''[ਇਨ੍ਹਾਂ ਅਧਿਆਇਆਂ ਨੂੰ] ਇਕ ਕਰਨ ਵਾਲਾ ਵਿਸ਼ਾ ਜੀ ਉੱਠਣਾ ਅਤੇ ਫ਼ਤਹਿਮੰਦ ਪ੍ਰਭੂ ਵਿਚ ਵਿਸ਼ਵਾਸ ਹੈ ਜੋ ਸਾਨੂੰ ਜ਼ਿੰਦਗੀ ਦੇ ਸਭ ਤੋਂ ਦੁੱਖ ਦੇਣ ਵਾਲੇ ਦਬਾਵਾਂ ਵਿਚ ਮਜ਼ਬੂਤ ਅਤੇ ਦਲੇਰ ਬਣਾ ਸਕਦਾ ਹੈ।''[3]

ਅਧਿਆਇ 21 ਤੋਂ ਲੈ ਕੇ ਪੌਲੁਸ ਨੂੰ ਆਪਣੀ ਜ਼ਿੰਦਗੀ ਦੇ ਸਭ ਤੋਂ ਮੁਸ਼ਕਿਲ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ। ਇਸ ਪਾਠ ਵਿਚ ਅਸੀਂ ਵੇਖਾਂਗੇ ਕਿ ਜੀ ਉੱਠੇ ਪ੍ਰਭੂ ਵਿਚ ਵਿਸ਼ਵਾਸ ਵਿਚ ਪੌਲੁਸ ਨੂੰ ਇਨ੍ਹਾਂ ਮੁਕੱਦਮਿਆਂ ਨੇ ਕਿਵੇਂ ਮਜ਼ਬੂਤ ਕੀਤਾ ਅਤੇ ਕਿਵੇਂ ਅਜਿਹਾ ਵਿਸ਼ਵਾਸ ਸਾਨੂੰ ਜਿੱਤ ਦੁਆਉਣ ਵਿਚ ਮਦਦਗਾਰ ਹੋ ਸਕਦਾ ਹੈ। ਸਾਡੇ ਪਾਠ ਦਾ ਪਿਛੋਕੜ ਉਹੀ ਘਟਨਾਵਾਂ ਹੋਣਗੀਆਂ ਜਿਨ੍ਹਾਂ ਕਰਕੇ ਪੌਲੁਸ ਆਪਣੀ ਸਫ਼ਾਈ ਦੇਣ ਲਈ ਰਾਜਾ ਅਗ੍ਰਿੱਪਾ ਸਾਹਮਣੇ ਗਿਆ ਸੀ।

## ਉਲਝਣ ਵਿਚ ਪਿਆ ਹਾਕਮ (25:13–23)

ਪੌਲੁਸ ਵੱਲੋਂ ਕੈਸਰ ਦੀ ਦੁਹਾਈ ਦੇਣ ਤੇ ਫ਼ੇਸਤੁਸ ਨੂੰ ਰੋਮ ਭੇਜਣ ਦਾ ਇੰਤਜ਼ਾਮ ਹੋਣ ਤਕ ਬੰਦੀ ਬਣਾ ਰੱਖਿਆ। ਇਨ੍ਹਾਂ ਇੰਤਜ਼ਾਮਾਂ ਵਿਚ ਵਕਤ ਲੱਗ ਗਿਆ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਰੋਮ ਜਾਣ ਲਈ ਇਕ ਜਹਾਜ਼ ਅਤੇ ਸੁਰੱਖਿਆ ਲਈ ਇਕ ਸਰਕਾਰੀ ਰੱਖਿਅਕ ਦਲ ਦੀ ਲੋੜ ਸੀ (27:1)। ਚੰਗੀ ਤਰ੍ਹਾਂ ਕੰਮ ਕਰਨ ਦੇ ਬਹਾਨੇ, ਆਮ ਤੌਰ ਤੇ ਅਫ਼ਸਰ ਇਕ ਵਾਰ ਵਿਚ ਕਈ ਕਈ ਕੈਦੀਆਂ ਨੂੰ ਲਿਜਾਣ ਦੀ ਉਡੀਕ ਕਰਦੇ ਸਨ (27:1)। ਪਰ ਫ਼ੇਸਤੁਸ ਦੀ ਤਿਆਰੀ ਦਾ ਸਭ ਤੋਂ ਔਖਾ ਹਿੱਸਾ, ਬਾਦਸ਼ਾਹ ਨੂੰ ਦੇਣ ਲਈ ਰਿਪੋਰਟ ਤਿਆਰ ਕਰਨਾ ਸੀ।

### ਸ਼ਾਹੀ ਮਹਿਮਾਨ (ਆਇਤਾਂ 13, 14)

ਜਦ ਇੰਤਜ਼ਾਮ ਹੋ ਰਹੇ ਸਨ, ਤਾਂ ਫ਼ੇਸਤੁਸ ਕੋਲ ਦੋ ਸ਼ਾਹੀ ਮਹਿਮਾਨ ਆਏ: ''ਕੁਝ ਦਿਨ ਬੀਤੇ ਰਾਜਾ ਅਗ੍ਰਿੱਪਾ ਅਤੇ ਬਰਨੀਕੇ ਕੈਸਰੀਆ ਵਿਚ ਫ਼ੇਸਤੁਸ ਦੀ ਆਊ ਭਗਤ ਨੂੰ ਆਏ'' (ਆਇਤ 13)।

ਰਾਜਾ ਅਗ੍ਰਿੱਪਾ[4] ਉਸ ਹੈਰੋਦੇਸ[5] ਦਾ ਪੁੱਤਰ ਸੀ ਜਿਹਨੇ ਯਾਕੂਬ ਨੂੰ ਮਰਵਾਇਆ ਸੀ ਅਤੇ ਪਤਰਸ ਨੂੰ ਮਰਵਾਉਣ ਲਈ ਉਸ ਉੱਤੇ ਮੁਕੱਦਮਾ ਚਲਾਇਆ ਸੀ (12:1-4)। ਬਰਨੀਕੇ ਉਹਦੀ ਭੈਣ ਸੀ। ਅਧਿਆਇ 24 ਵਿਚ ਅਸੀਂ ਦਰੁਸਿੱਲਾ ਨਾਂਅ ਦੀ ਉਹਦੀ ਇਕ ਹੋਰ ਭੈਣ

ਨੂੰ ਮਿਲੇ ਸਾਂ, ਜਿਹਦਾ ਵਿਆਹ ਰਾਜਪਾਲ ਫ਼ੇਲਿਕਸ ਨਾਲ ਹੋਇਆ ਸੀ (ਆਇਤ 24)। ਸਾਡੀ ਇਸ ਕਹਾਣੀ ਵੇਲੇ ਅਗ੍ਰਿੱਪਾ ਬੱਤੀ ਕੁ ਸਾਲ ਦੀ ਸੀ, ਜਦ ਕਿ ਬਰਨੀਕੇ ਉਸ ਨਾਲੋਂ ਇਕ ਸਾਲ ਛੋਟੀ ਸੀ।

ਅਗ੍ਰਿੱਪਾ ਦੇ ਨਾਂਅ ਨਾਲ ''ਰਾਜਾ'' ਸ਼ਬਦ ਲੱਗਣ ਕਰਕੇ ਲਗ ਸਕਦਾ ਹੈ ਕਿ ਉਹ ਫ਼ੇਸਤੁਸ ਤੋਂ ਵੱਡਾ ਅਫ਼ਸਰ ਸੀ, ਪਰ ਹਕੀਕਤ ਇਹਦੇ ਉਲਟ ਸੀ। ਅਗ੍ਰਿੱਪਾ ਨੂੰ ਇਹ ਨਾਂਅ ਆਪਣੇ ਮਸ਼ਹੂਰ ਪਿਤਾ ਤੋਂ ਵਿਰਾਸਤ ਵਿਚ ਮਿਲਿਆ ਸੀ, ਪਰ ਉਸ ਨੂੰ ਉਸ ਦਾ ਰਾਜ ਵਿਰਾਸਤ ਵਿਚ ਨਹੀਂ ਮਿਲਿਆ ਸੀ। ਉਹ ਯਹੂਦੀਆ ਦੇ ਉੱਤਰ ਪੂਰਬੀ ਇਲਾਕੇ ਵਿਚ ਇਕ ਛੋਟੇ ਜਿਹੇ ਇਲਾਕੇ ਤੇ ਰਾਜ ਕਰਦਾ ਸੀ।[6] ਉਸ ਨੂੰ ਉੱਚ ਅਧਿਕਾਰ ਪ੍ਰਾਪਤ ਰੋਮੀ ਅਧਿਕਾਰੀ ਨਾਲ ਚੰਗੇ ਰਿਸ਼ਤੇ ਦਾ ਫ਼ਾਇਦਾ ਮਿਲ ਗਿਆ ਸੀ। ਇਸ ਲਈ ਫ਼ੇਸਤੁਸ ਨੇ ਆਪਣੀ ਹਕੂਮਤ ਸ਼ੁਰੂ ਕੀਤੀ ਤਾਂ ਅਗ੍ਰਿੱਪਾ ਅਤੇ ਬਰਨੀਕੇ ਉਸ ਦੀ ''ਆਉ ਭਗਤ'' ਕਰਨ (RSV ਵਿਚ ''ਸਵਾਗਤ ਕਰਨ''; 25:13) ਅਤੇ ਉਹਦੀ ਨਿਯੁਕਤੀ ਲਈ ਵਧਾਈ ਦੇਣ ਆਏ ਸਨ।

ਅਗ੍ਰਿੱਪਾ ਅਤੇ ਬਰਨੀਕੇ ਲਈ, ਕੈਸਰੀਆ ਵਿਚ ਘਰ ਜਾਣ ਵਾਂਗ ਹੀ ਸੀ। ਇਸ ਸ਼ਹਿਰ ਨੂੰ ਉਨ੍ਹਾਂ ਦੇ ਪੜਦਾਦੇ ਹੈਰੋਦੇਸ ਮਹਾਨ ਨੇ ਬਣਾਇਆ ਸੀ। ਸ਼ਹਿਰ ਦੀਆਂ ਸੰਗਮਰਮਰ ਦੀਆਂ ਵੱਡੀਆਂ-ਵੱਡੀਆਂ ਇਮਾਰਤਾਂ, ਸੰਗਮਰਮਰ ਦੀਆਂ ਸ਼ਾਨਦਾਰ ਪਟਰੀਆਂ ਅਤੇ ਮੂਰਤੀਆਂ ਅਤੇ ਹਰ ਥਾਂ ਸ਼ਾਨਦਾਰ ਇਮਾਰਤਾਂ ਹੈਰੋਦੇਸ ਦੇ ਸ਼ੌਕ ਦੀਆਂ ਗਵਾਹ ਸਨ।[7] ਉਨ੍ਹਾਂ ਦੇ ਪਿਤਾ ਦੀ ਹਕੂਮਤ ਵਿਚ ਕੈਸਰੀਆ ਵੀ ਰਾਜਧਾਨੀ ਸ਼ਹਿਰ ਸੀ, ਉਹਦੀ ਹਕੂਮਤ ਵੀ ਹੈਰੋਦੇਸ ਮਹਾਨ ਵਰਗੀ ਸੀ, ਸ਼ਾਇਦ ਉਸ ਤੋਂ ਵੀ ਵੱਧ ਸੀ।[8] ਅਖ਼ੀਰ ਕਿਲੇ ਵਿਚ ਪਹੁੰਚ ਕੇ ਕੌੜੀਆਂ ਮਿੱਠੀਆਂ ਯਾਦਾਂ ਜ਼ਰੂਰ ਹੀ ਅਗ੍ਰਿੱਪਾ ਅਤੇ ਬਰਨੀਕੇ ਦੇ ਦਿਲ 'ਚ ਤਾਜ਼ਾ ਹੋ ਗਈਆਂ ਹੋਣਗੀਆਂ। ਉਨ੍ਹਾਂ ਦਾ ਬਚਪਨ ਇਸੇ ਕਿਲੇ ਵਿਚ ਬੀਤਿਆ ਸੀ। ਪੰਦਰਾਂ ਸਾਲ ਪਹਿਲਾਂ ਇੱਥੇ ਹੀ ਉਨ੍ਹਾਂ ਦੇ ਪਿਤਾ ਦੀ ਭਿਆਨਕ ਮੌਤ ਹੋਈ ਸੀ[9] (12:20-23)।

ਕਿਸੇ ਵੱਲੋਂ ਉਨ੍ਹਾਂ ਨੂੰ ਇਹ ਦੱਸਣ ਤੇ ਕਿ ਉਨ੍ਹਾਂ ਦਾ ਆਉਣਾ ਯਿਸੂ ਦੀ ਇਕ ਨਬੂਵਤ ਦਾ ਪੂਰਾ ਹੋਣਾ ਹੀ ਸੀ, ਦੋਵੇਂ ਦੰਗ ਰਹਿ ਗਏ ਹੋਣਗੇ:

> ਪਰ ਮਨੁੱਖਾਂ ਤੋਂ ਚੌਕਸ ਰਹੋ ਕਿਉਂ ਜੋ ਓਹ ਤੁਹਾਨੂੰ ਮਜਲਿਸਾਂ ਦੇ ਹਵਾਲੇ ਕਰਨਗੇ ਅਤੇ ਆਪਣੀਆਂ ਸਮਾਜਾਂ ਵਿਚ ਤੁਹਾਨੂੰ ਕੋਰੜੇ ਮਾਰਨਗੇ। ਅਤੇ ਤੁਸੀਂ ਮੇਰੇ ਕਾਰਣ ਹਾਕਮਾਂ *ਅਤੇ ਰਾਜਿਆਂ* ਦੇ ਅੱਗੇ ਹਾਜ਼ਰ ਕੀਤੇ ਜਾਓਗੇ ਜੋ ਉਨ੍ਹਾਂ ਉੱਤੇ ਅਰ ਪਰਾਈਆਂ ਕੌਮਾਂ ਉੱਤੇ ਸਾਖੀ ਹੋਵੇ (ਮੱਤੀ 10:17, 18)।

ਪੌਲੁਸ ਰਾਜਪਾਲਾਂ (ਫ਼ੇਲਿਕਸ ਅਤੇ ਫ਼ੇਸਤੁਸ) ਸਾਹਮਣੇ ਬੋਲਿਆ ਸੀ, ਪਰ ਹੁਣ ਖ਼ੁਦਾ ਇਕ ਰਾਜੇ ਸਾਹਮਣੇ ਉਹਦੇ ਬੋਲਣ ਲਈ ਜ਼ਮੀਨ ਤਿਆਰ ਕਰ ਰਿਹਾ ਸੀ।

ਯਕੀਨਨ ਹੀ ਪੌਲੁਸ ਨੇ ਅਗ੍ਰਿੱਪਾ ਅਤੇ ਬਰਨੀਕੇ ਦੇ ਪਰਿਵਾਰਿਕ ਨਾਂਅ[10] ਅਤੇ ਯਹੂਦੀਆਂ ਦੇ ਧਾਰਮਿਕ ਜੀਵਨ ਵਿਚ ਰਾਜੇ ਦੀ ਭੂਮਿਕਾ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ।[11] ਦਿਨ ਬੀਤ ਜਾਣ ਤੇ ਜਦ ਰਾਜਪਾਲ ਨੂੰ ਅਗ੍ਰਿੱਪਾ ਦਾ ਪਤਾ ਲੱਗਾ ਤਾਂ ਉਹਨੇ ਫ਼ੈਸਲਾ ਕੀਤਾ ਕਿ ਉਸ ਜਵਾਨ ਰਾਜੇ ਦਾ ਆਉਣਾ ਉਹਦੇ ਲਈ ਫ਼ਾਇਦੇਮੰਦ ਹੋ ਸਕਦਾ ਹੈ। ਕੀ ਪਤਾ ਕਿ ਅਗ੍ਰਿੱਪਾ ਉਹਦੇ ਮਹਿਲ ਦੀ ਕਾਲ ਕੋਠਰੀ ਵਿਚ ਪਏ ਤੰਬੂ ਬਣਾਉਣ ਵਾਲੇ ਉਸ ਨਿਮਾਣੇ ਜਿਹੇ ਯਹੂਦੀ ਦੇ ਪੇਚੀਦਾ ਮਾਮਲੇ ਦੀ ਗਹਿਰਾਈ ਨੂੰ ਸਮਝ ਸਕੇ। ਦਰੂਸਿੱਲਾ ਵਾਂਗ (24:24), ਅਗ੍ਰਿੱਪਾ ਵੀ ਮਰਿਅਮਨੇ ਨਾਂਅ ਦੀ ਇਕ ਯਹੂਦੀ ਰਾਜ ਕੁਮਾਰੀ ਦੀ ਔਲਾਦ ਸੀ,[12] ਅਤੇ ਲੋਕ ਉਹਨੂੰ

ਯਹੂਦੀ ਹੀ ਸਮਝਦੇ ਸਨ। ਉਹ ਯਹੂਦੀ ਮਾਮਲਿਆਂ ਵਿਚ ਰੋਮ ਦਾ ਸਥਾਨਕ ਮਾਹਿਰ ਸੀ (ਵੇਖੋ 26:3, 27)। ਇਸ ਕਰਕੇ ਜਦ ਅਗ੍ਰਿੱਪਾ ਅਤੇ ਬਰਨੀਕੇ ''ਉੱਥੇ ਕਈ ਦਿਨ ਰਹੇ ਤਾਂ ਫ਼ੇਸਤੁਸ ਨੇ ਪੌਲੁਸ ਦੀ ਵਿਥਿਆ ਰਾਜੇ ਨੂੰ ਸੁਣਾਈ'' (25:14ੳ)।[13]

**ਰੋਮੀ ਨਜ਼ਰੀਆ (ਆਇਤਾਂ 14-21)**

ਫ਼ੇਸਤੁਸ ਦੇ ਵੇਰਵੇ ਤੋਂ ਅਸੀਂ ਇਸ ਮੁਕੱਦਮੇ ਨੂੰ ਰੋਮੀ ਨਜ਼ਰੀਏ ਤੋਂ, ਖ਼ਾਸ ਕਰ ਇਕ ਰੋਮੀ ਆਦਮੀ ਦੇ ਨਜ਼ਰੀਏ ਤੋਂ ਵੇਖ ਸਕਦੇ ਹਾਂ ਜਿਸ ਨੂੰ ਯਹੂਦੀ ਧਰਮ ਅਤੇ ਮਸੀਹੀਅਤ ਦੀ ਜਾਣਕਾਰੀ ਨਹੀਂ ਸੀ। ਉਹਦੀਆਂ ਗੱਲਾਂ ਇਸ ਦਾ ਅਧਿਐਨ ਹਨ ਕਿ ਕਿਵੇਂ ਕਿਸੇ ਬੁਲਾਰੇ ਨੂੰ ਵਡਿਆਈ ਦੇਣ ਲਈ ਤੱਥਾਂ ਨੂੰ ਤੋੜਿਆ ਮਰੋੜਿਆ ਜਾ ਸਕਦਾ ਹੈ।[14]

> ਇਕ ਮਨੁੱਖ ਹੈ ਜਿਹ ਨੂੰ ਫ਼ੇਲਿਕਸ ਕੈਦ ਵਿਚ[15] ਛੱਡ ਗਿਆ। ਅਤੇ ਜਾਂ ਮੈਂ ਯਰੂਸ਼ਲਮ ਵਿਚ ਸਾਂ ਤਾਂ ਪ੍ਰਧਾਨ ਯਾਜਕਾਂ ਅਤੇ ਯਹੂਦੀਆਂ ਦੇ ਬਜ਼ੁਰਗਾਂ ਨੇ ਉਹ ਦੇ ਵਿਖੇ ਮੇਰੇ ਕੰਨੀਂ ਗੱਲਾਂ ਪਾਈਆਂ ਅਤੇ ਅਰਜ਼ ਕੀਤੀ ਜੋ ਉਸ ਤੇ ਸਜ਼ਾ ਦਾ ਹੁਕਮ ਹੋਵੇ। ਉਨ੍ਹਾਂ ਨੂੰ ਮੈਂ ਇਹ ਉੱਤਰ ਦਿੱਤਾ ਭਈ ਰੋਮੀਆਂ ਦਾ ਕਾਨੂੰਨ ਨਹੀਂ ਹੈ ਜੋ ਕਿਸੇ ਮਨੁੱਖ ਨੂੰ ਹਵਾਲੇ ਕਰਨ ਜਿੰਨਾ ਚਿਰ ਮੁਦਾਅਲੈ ਆਪਣੇ ਮੁਦੱਈਆਂ ਦੇ ਰੂਬਰੂ ਹੋ ਕੇ ਦਾਵੇ ਦਾ ਜਵਾਬ ਦੇਣ ਦਾ ਮੌਕਾ ਨਾ ਪਾਵੇ।[16] ਸੋ ਜਾਂ ਓਹ ਐਥੇ ਆਣ ਇਕੱਠੇ ਹੋਏ ਤਾਂ ਮੈਂ ਕੁਝ ਢਿੱਲ ਨਾ ਕੀਤੀ[17] ਸਗੋਂ ਅਗਲੇ ਭਲਕ ਅਦਾਲਤ ਦੀ ਗੱਦੀ ਤੇ ਬੈਠ ਕੇ ਹੁਕਮ ਦਿੱਤਾ ਜੋ ਉਸ ਮਨੁੱਖ ਨੂੰ ਹਾਜ਼ਰ ਕਰਨ। ਪਰ ਜਾਂ ਉਹ ਦੇ ਮੁਦਈ ਖੜੇ ਹੋਏ ਤਾਂ ਉਨ੍ਹਾਂ ਨੇ ਇਹੋ ਜਿਹੀ ਕੋਈ ਬੁਰੀ ਗੱਲ ਉਹ ਦੇ ਜ਼ਿੰਮੇ ਨਾ ਲਾਈ ਜਿਹੀ ਮੈਂ ਸਮਝਦਾ ਸਾਂ।[18] ਪਰ ਓਹ ਆਪਣੀ[19] ਦੇਵਪੂਜਾ[20] ਵਿਖੇ ਅਤੇ ਕਿਸੇ ਯਿਸੂ ਦੇ ਵਿਖੇ ਜੋ ਮਰ ਚੁੱਕਿਆ ਪਰ ਪੌਲੁਸ ਆਖਦਾ ਸੀ ਭਈ ਉਹ ਤਾਂ ਜਿਊਂਦਾ ਹੈ ਉਸ ਨਾਲ ਝਗੜਾ ਕਰਦੇ ਸਨ (ਆਇਤਾਂ 14ਅ-19)।

ਫ਼ੇਸਤੁਸ ਦੀ ਅਗਿਆਨਤਾ ਤੇ ਅਗ੍ਰਿੱਪਾ ਜ਼ਰੂਰ ਮੁਸਕਰਾਇਆ ਹੋਵੇਗਾ। ਪਰ ਉਲਝਣ ਵਿਚ ਪਏ ਹੋਏ ਵੀ, ਫ਼ੇਸਤੁਸ ਨੂੰ ਦੋ ਗੱਲਾਂ ਦਾ ਪਤਾ ਲੱਗ ਗਿਆ ਸੀ: ਪਹਿਲੀ ਇਹ ਕਿ ਇਹ ਮੁੱਦਾ ਧਾਰਮਿਕ ਸੀ, ਸਿਆਸੀ ਨਹੀਂ। ਜਿਵੇਂ ਗੱਲੀਓ ਨੇ ਯਹੂਦੀਆਂ ਨੂੰ ਦੱਸਿਆ ਸੀ ਕਿ ਇਹ ''ਝਗੜੇ ਸ਼ਬਦਾਂ ਅਤੇ ਨਾਵਾਂ ਅਤੇ ਤੁਹਾਡੀ ਆਪਣੀ ਸ਼ਰ੍ਹਾ ਵਿਖੇ ਹਨ ...'' (18:15ੳ)।[21] ਫ਼ੇਸਤੁਸ ਨੇ ਫੌਰਨ ''ਇਕ ਧਰਮ ਦੂਜੇ ਧਰਮ ਵਾਂਗ ਹੀ ਚੰਗਾ ਹੈ'' ਦੇ ਨਾਅਰੇ ਨੂੰ (ਇਸ ਖ਼ਾਸ ਟਿੱਪਣੀ ਨਾਲ) ਮੰਨ ਲਿਆ ਹੋਵੇਗਾ ਕਿ ''...ਅਤੇ ਉਨ੍ਹਾਂ ਵਿੱਚੋਂ ਕੋਈ ਵੀ ਕਿਸੇ ਕੰਮ ਦਾ ਨਹੀਂ।'' ਦਫ਼ਤਰ ਦੇ ਹੋਰ ਬਹੁਤ ਸਾਰੇ ਕੰਮਾਂ ਵਾਂਗ, ਰਾਜਪਾਲ ਵੀ ਧਾਰਮਿਕ ਮਾਮਲਿਆਂ ਤੋਂ ਨਾਵਾਕਫ਼ ਸੀ ਅਤੇ ਉਹਨੇ ਨਾਵਾਕਫ਼ ਬਣੇ ਰਹਿਣਾ ਹੀ ਸੋਚਿਆ ਹੋਇਆ ਸੀ।

ਪਰ ਫ਼ੇਸਤੁਸ ਇਹ ਵੀ ਸਮਝ ਗਿਆ ਸੀ ਕਿ ਝਗੜਾ ਇਸ ਗੱਲ ਤੇ ਸੀ ਕਿ ਯਿਸੂ ਨਾਂਅ ਦਾ ਕੋਈ ਸ਼ਖ਼ਸ ਜ਼ਿੰਦਾ ਹੈ ਵੀ ਜਾਂ ਨਹੀਂ। ਅਸਹਿਮਤੀ ਦੀ ਸ਼ੁਰੂਆਤੀ ਗੱਲ ਤੇ ਫ਼ੇਸਤੁਸ ਦੇ ਮੁਲਾਂਕਣ ਤੋਂ ਮੈਂ ਪ੍ਰਭਾਵਿਤ ਵੀ ਹੁੰਦਾ ਹਾਂ ਅਤੇ ਦੁਖੀ ਵੀ। ਪ੍ਰਭਾਵਿਤ ਮੈਂ ਇਸ ਲਈ ਹੁੰਦਾ ਹਾਂ ਕਿ ਰਾਜਪਾਲ ਇਸ ਸਵਾਲ ਦੀ ਅਹਿਮੀਅਤ ਨੂੰ ਕਿ ''ਯਿਸੂ ਜ਼ਿੰਦਾ ਹੈ ਜਾਂ ਮਰਿਆ?'' ਕਿੰਨੀ ਚਤੁਰਾਈ ਨਾਲ ਸਮਝ ਗਿਆ ਸੀ। ਕਈ ਲੋਕ ਜੋ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ, ਇੱਥੋਂ

ਤਕ ਕਿ ਕਈ ਪ੍ਰਚਾਰਕ ਵੀ ਵਿਚਾਰ ਹੀ ਨਹੀਂ ਕਰਦੇ ਕਿ ਅਹਿਮ ਮੁੱਦਾ ਤਾਂ ਜੀ ਉੱਠਣ ਦਾ ਹੀ ਹੈ।[22]

ਨਾਲ ਹੀ ਮੈਂ ਫ਼ੇਸਤੁਸ ਵੱਲੋਂ ਲਾਪਰਵਾਹੀ (ਛਿਛੋਹਰਪੁਣੇ ਵਾਲੀ) ਨਾਲ ਇਸ ਵਿਸ਼ੇ ਭਾਵ ''ਯਿਸੂ ਨਾਂਅ ਦੇ ਕਿਸੇ ਆਦਮੀ ਬਾਰੇ ਜੋ ਮਰ ਗਿਆ ਸੀ, ਅਤੇ ਪੌਲੁਸ ਉਸ ਨੂੰ ਜ਼ਿੰਦਾ ਦੱਸਦਾ ਸੀ, ਝਗੜੇ'' ਨੂੰ ਟਾਲ ਦੇਣ ਤੇ ਦੁਖੀ ਹੁੰਦਾ।[23] ਰਾਜਪਾਲ ਨੇ ਜੀ ਉੱਠਣ ਦੀ ਅਹਿਮੀਅਤ ਗੰਡੋਏ ਦੇ ਮਨ ਵਿਚ ਕਿਸੇ ਹੀਰੇ ਜਾਂ ਸੂਰ ਦੇ ਮਨ ਵਿਚ ਤਾਰਿਆਂ ਵਾਂਗ ਵਿਖਾਈ। ਫ਼ੇਸਤੁਸ ਨੇ ਜਿਗਿਆਸੂ ਮਨ ਅਤੇ ਖੁੱਲ੍ਹਾ ਦਿਲ ਨਾ ਹੋਣ ਕਰਕੇ ਕਿੰਨਾ ਨੁਕਸਾਨ ਸਹਿਆ!

ਆਓ ਅੱਗੇ ਸੁਣਦੇ ਹਾਂ ਕਿ ਉਹਨੇ ''ਪੌਲੁਸ ਦੀ ਕਥਾ ਰਾਜੇ ਨੂੰ [ਕਿਵੇਂ] ਸੁਣਾਈ'': ''ਜਾਂ ਮੈਂ ਦੁਬਧਾ ਵਿਚ ਪਿਆ ਕਿ *ਇਹਨਾਂ* ਗੱਲਾਂ ਦਾ ਕਿੱਕੁਰ ਨਿਬੇੜਾ ਕਰਾਂ ਤਾਂ ਮੈਂ ਪੁੱਛਿਆ, ਤੂੰ ਯਰੂਸ਼ਲਮ ਵਿਚ ਜਾਣ ਨੂੰ ਰਾਜ਼ੀ ਹੈਂ ਜੋ ਉੱਥੇ *ਇਨ੍ਹਾਂ* ਗੱਲਾਂ ਦੇ ਵਿਖੇ ਤੇਰਾ ਨਿਆਉਂ ਹੋਵੇ?'' (25:20)। (ਫ਼ੇਸਤੁਸ ਨੇ ਜਾਣ ਬੁੱਝ ਕੇ ਇਹ ਜ਼ਿਕਰ ਨਹੀਂ ਕੀਤਾ ਕਿ ਉਹਦਾ ਇਹ ਸੁਝਾਅ ਯਹੂਦੀਆਂ ਨੂੰ ਖੁਸ਼ ਕਰਨ ਲਈ ਸੀ [ਆਇਤ 9]।) ''ਪਰ ਜਾਂ ਪੌਲੁਸ ਨੇ ਦੁਹਾਈ ਦਿੱਤੀ ਜੋ ਮੇਰਾ ਨਿਆਉਂ ਬਾਦਸ਼ਾਹ ਦੀ ਅਦਾਲਤ ਉੱਤੇ ਰਹਿਣ ਦਿਓ[24] ਤਾਂ ਮੈਂ ਹੁਕਮ ਦਿੱਤਾ ਜੋ ਉਹ ਨਜ਼ਰਬੰਦ ਰਹੇ ਜਦ ਤਾਈਂ ਮੈਂ ਉਹ ਨੂੰ ਕੈਸਰ ਕੋਲ ਨਾ ਭੇਜਾਂ'' (ਆਇਤ 21)।

ਆਮ ਤੌਰ ਤੇ ਫ਼ੇਸਤੁਸ ਦੀ ਦਿਮਾਗ਼ੀ ਹਾਲਤ ਬਿਆਨ ਕਰਨ ਲਈ ''ਫ਼ਜ਼ੂਲ'' ਸ਼ਬਦ ਦੀ ਵਰਤੋਂ ਕੀਤੀ ਜਾ ਸਕਦੀ ਹੈ (ਵੇਖੋ ਆਇਤਾਂ 26, 27)। ਉਹਨੂੰ ਉਮੀਦ ਸੀ ਕਿ ਜਵਾਨ ਰਾਜੇ ਤੋਂ ਉਹਨੂੰ ਸਹੀ ਜਾਣਕਾਰੀ ਮਿਲ ਜਾਵੇਗੀ।

**ਇਕ ਸ਼ਾਨਦਾਰ ਬੇਨਤੀ (ਆਇਤਾਂ 22, 25-27)**

ਪੌਲੁਸ ਦੇ ਜ਼ਿਕਰ ਨਾਲ ਅਗ੍ਰਿੱਪਾ ਦੀ ਦਿਲਚਸਪੀ ਵਧ ਗਈ ਹੋਵੇਗੀ। ਯਿਸੂ ਦੇ ਪੈਰੋਕਾਰਾਂ ਨੂੰ ਫ਼ੇਸਤੁਸ ਤਾਂ ਨਹੀਂ ਜਾਣਦਾ ਸੀ ਪਰ ਅਗ੍ਰਿੱਪਾ ਉਹਨੂੰ ਚੰਗੀ ਤਰ੍ਹਾਂ ਜਾਣਦਾ ਸੀ। ਹੈਰੋਦੇਸਾਂ ਦਾ ਜ਼ੁਲਮ ਭਰਿਆ ਇਤਿਹਾਸ ਮਸੀਹੀਅਤ ਦੇ ਫੈਲਣ ਦੇ ਮੁਬਾਰਕ ਇਤਿਹਾਸ ਨਾਲ ਮਜ਼ਬੂਤ ਰੱਸੀ ਵਾਂਗ ਵੱਟਿਆ ਹੋਇਆ ਸੀ।[25] ਫ਼ਲਸਤੀਨ ਵਿਚ ਰਹਿੰਦਿਆਂ, ਅਗ੍ਰਿੱਪਾ ਨੇ ਇਸ ''ਆਪਣਾ ਧਰਮ ਛੱਡਣ ਵਾਲੇ ਯਹੂਦੀ'' ਅਤੇ ਮਸੀਹੀਅਤ ਦੇ ਮਸ਼ਹੂਰ ਹਮਾਇਤੀ ਬਾਰੇ ਸੁਣਿਆ ਹੋਵੇਗਾ (ਵੇਖੋ 26:26)। ਪੌਲੁਸ ਨੂੰ ਸੁਣਨ ਲਈ ਰਾਜਾ ਕਦੇ ਸਿਨਾਗੋਗ ਵਿਚ ਨਹੀਂ ਗਿਆ ਹੋਵੇਗਾ, ਪਰ ਇੱਥੇ ਉਹਦੇ ਲਈ ਆਪਣੇ ਕੰਨੀ ਸੁਣਨ ਦਾ ਮੌਕਾ ਸੀ, ਯਾਨੀ ਇਕ ਅਜਿਹਾ ਮੌਕਾ ਜਿਹਦਾ ਉਹ ਵਿਰੋਧ ਨਹੀਂ ਕਰ ਸਕਿਆ। ''ਉਪਰੰਤ ਅਗ੍ਰਿੱਪਾ ਨੇ ਫ਼ੇਸਤੁਸ ਨੂੰ ਕਿਹਾ ਕਿ ਮੈਂ ਆਪ ਭੀ ਉਸ ਮਨੁੱਖ ਦੀ ਸੁਣਨਾ ਚਾਹੁੰਦਾ ਹਾਂ'' (25:22ੳ)। ਪੌਲੁਸ ਨੂੰ ਸੁਣਨ ਦੀ ਅਗ੍ਰਿੱਪਾ ਦੀ ਇੱਛਾ ਦੇ ਕਈ ਕਾਰਣ ਹੋਣਗੇ, ਜਿਵੇਂ ਜਿਗਿਆਸਾ, ਸਰਕਾਰੀ ਦੌਰੇ ਦਾ ਅਕੇਵਾਂ ਦੂਰ ਕਰਨ ਲਈ ਕੁਝ ਅਰਾਮ। ਪਰ ਹੋ ਸਕਦਾ ਹੈ ਕਿ ਉਹਦੇ ਮਨ ਦੀ ਕਿਸੇ ਨੁੱਕਰ ਵਿਚ ਯਿਸੂ ਬਾਰੇ ਜਾਣਨ ਦੀ ਇੱਛਾ ਨੇ ਥਾਂ ਬਣਾ ਲਈ ਹੋਵੇ।

ਫ਼ੇਸਤੁਸ ਨੇ ਅਗ੍ਰਿੱਪਾ ਦੀ ਬੇਨਤੀ ਖੁਸ਼ੀ ਨਾਲ ਮੰਨ ਲਈ। ਇਸ ਬੇਨਤੀ ਨੂੰ ਮੰਨ ਕੇ ਉਹ ਆਪਣੀ ਯੋਜਨਾ ਦੀਆਂ ਕਈ ਗੱਲਾਂ ਪੂਰੀਆਂ ਕਰ ਸਕਦਾ ਸੀ, ਜਿਵੇਂ (1) ਆਪਣੇ ਮਹਿਮਾਨਾਂ ਦਾ ਸਨਮਾਨ (2) ਉਨ੍ਹਾਂ ਲਈ ਇਕ ਹੋਰ ਦਿਨ ਦਾ ਮਨ ਪਰਚਾਵਾ ਮੁਹੱਈਆ ਕਰਾਉਣਾ (ਹਰ ਰੋਜ਼ ਕੁਝ ਨਵਾਂ ਲਿਆਉਣਾ ਔਖਾ ਸੀ)। (3) ਆਪਣੀ ਸਫ਼ਾਈ (ਜੇ ਰੋਮ ਨਾਲ ਉਹਦੀ ਕੋਈ

ਗੜਬੜ ਹੋ ਜਾਂਦੀ ਤਾਂ ਉਹਦੇ ਕੋਲ ਵੱਡੇ ਮਸ਼ਹੂਰ ਗਵਾਹ ਹੋਣੇ ਸਨ, ਜੋ ਗਵਾਹੀ ਦੇ ਸਕਦੇ ਸਨ ਕਿ ਪੌਲੁਸ ਦੇ ਮਾਮਲੇ ਵਿਚ ਨਿਆਂ ਦੇਣ ਲਈ ਉਹਨੇ ਆਪਣੀ ਪੂਰੀ ਕੋਸ਼ਿਸ਼ ਕੀਤੀ)।

ਸਭ ਤੋਂ ਅਹਿਮ ਗੱਲ ਇਹ ਸੀ ਕਿ ਰਾਜਪਾਲ ਨੂੰ ਉਮੀਦ ਸੀ ਕਿ ਰੋਮ ਵਿਚ ਭੇਜਣ ਲਈ ਸਰਕਾਰੀ ਰਿਪੋਰਟ ਲਿਖਣ ਵਿਚ ਇਸ ਨਾਲ ਕੁਝ ਮਦਦ ਮਿਲੇਗੀ।[26] ਸਾਫ਼ ਗੱਲ ਤਾਂ ਇਹ ਹੈ ਕਿ ਫ਼ੇਸਤੁਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੀ ਲਿਖਿਆ ਜਾਵੇ। ਬਾਅਦ ਵਿਚ ਉਹਨੇ ਅਗ੍ਰਿੱਪਾ ਅਤੇ ਆਪਣੇ ਹੋਰ ਮਹਿਮਾਨਾਂ ਕੋਲ ਮੰਨਿਆ:

> ਜਦੋਂ [ਪੌਲੁਸ ਨੇ] ਆਪ ਬਾਦਸ਼ਾਹ ਦੀ ਦੁਹਾਈ ਦਿੱਤੀ ਤਦ ਮੈਂ ਠਾਣ ਲਿਆ ਜੋ ਉਹ ਨੂੰ ਘੱਲ ਦਿਆਂ। ਕਿਉਂ ਜੋ ਮੈਨੂੰ ਇਹ ਗੱਲ ਸਿਆਣੀ ਨਹੀਂ ਮਲੂਮ ਹੁੰਦੀ ਭਈ ਇਕ ਕੈਦੀ ਨੂੰ ਘੱਲਾਂ ਅਤੇ ਨਾਲ ਹੀ ਨਾ ਦੱਸਾਂ ਜੋ ਕੀ ਕੀ ਦੋਸ਼ ਉਸ ਦੇ ਜ਼ੁੰਮੇ ਲਾਏ ਹਨ (25:25ਅ-27)।

ਅਜਿਹਾ ਨਹੀਂ ਕਿ ਫ਼ੇਸਤੁਸ ਕੋਲ ਲਿਖਣ ਲਈ ਕੁਝ ਨਹੀਂ ਸੀ, ਪਰ ਮੁਸ਼ਕਿਲ ਇਹ ਸੀ ਕਿ ਉਹਦੇ ਕੋਲ ਲਿਖਣ ਲਈ ਜੋ ਕੁਝ ਵੀ ਸੀ ਰੋਮ ਵਿਚ ਉਹਦੀ ਕੋਈ ਅਹਿਮੀਅਤ ਨਹੀਂ ਸੀ। ਉਹਦੇ ਕੋਲ ਇਲਜ਼ਾਮ ਤਾਂ ਸਨ, ਪਰ ਕੋਈ ਸਬੂਤ ਨਹੀਂ ਸਨ। ਇਨ੍ਹਾਂ ਇਲਜ਼ਾਮਾਂ ਵਿਚ ਬਾਦਸ਼ਾਹ ਨੇ ਕੋਈ ਦਿਲਚਸਪੀ ਨਹੀਂ ਲੈਣੀ ਸੀ। ਇਸ ਲਈ ਉਹਨੇ ਛੇਤੀ ਨਾਲ ਅਗ੍ਰਿੱਪਾ ਨੂੰ ਯਕੀਨ ਦੁਆਇਆ ਕਿ ‘‘ਤੂੰ ਭਲਕੇ ਉਹਦੀ ਸੁਣ ਲਵੀਂ’’ (ਆਇਤ 22ਅ)।

**ਇਕ ਸ਼ਾਹੀ ਸਭਾ (ਆਇਤ 23)**

ਆਇਤ 23 ਕਹਿੰਦੀ ਹੈ:

> ... ਦੂਜੇ ਦਿਨ ਜਾਂ ਅਗ੍ਰਿੱਪਾ ਅਤੇ ਬਰਨੀਕੇ ਵੱਡੀ ਧੂਮਧਾਮ[27] ਨਾਲ ਆਏ ਅਤੇ ਫ਼ੌਜ ਦੇ ਸਰਦਾਰਾਂ ਅਤੇ ਸ਼ਹਿਰ ਦੇ ਉੱਤਮ ਲੋਕਾਂ ਸਣੇ ਕਚਹਿਰੀ ਵਿਚ ਜਾ ਵੜੇ ਤਾਂ ਫ਼ੇਸਤੁਸ ਦੇ ਹੁਕਮ ਨਾਲ ਪੌਲੁਸ ਨੂੰ ਲਿਆਏ।[28]

ਇਸ ਨਜ਼ਾਰੇ ਦੀ ਕਲਪਨਾ ਕਰੋ: ਦਰਬਾਰ ਹੇਰੋਦੇਸ ਮਹਾਨ ਵੱਲੋਂ ਬਣਾਏ ਸ਼ਾਨਦਾਰ ਹਾਲ ਵਿਚ ਲੱਗਿਆ ਹੋਵੇਗਾ। ‘‘ਵੱਡੀਆਂ ਵੱਡੀਆਂ ਤਸਵੀਰਾਂ ਤੇ ਨਕਾਸ਼ੀ ਹੋਈਆਂ ਕੰਧਾਂ ਨਾਲ ਲਗਦੇ ਖੰਭਿਆਂ ਨਾਲ, ਕੰਧਾਂ ਦੀ ਰੌਣਕ ਹੋਰ ਵਧਦੀ ਸੀ।’’[29] ਝੰਡਿਆਂ ਅਤੇ ਬੈਨਰਾਂ ਨਾਲ ਇਹ ਹਾਲ ਬੜੀ ਖ਼ੂਬਸੂਰਤੀ ਨਾਲ ਸਜਾਇਆ ਗਿਆ ਸੀ।[30] ਕੰਧ ਦੇ ਨੇੜੇ ਨੇੜੇ ‘‘ਸਮਾਰੋਹਾਂ ਲਈ ਤੈਨਾਤ ਹੋਣ ਵਾਲੇ ਲੰਮੇ ਲੰਮੇ ਰੋਮੀ ਫ਼ੌਜੀਆਂ ਦੀ ਪੈਦਲ ਟੁਕੜੀ ਸੀ।’’[31]

ਤੁਰਹੀ ਵਜਾਉਣ ਵਾਲਿਆਂ ਨੇ ਧੁਨ ਵਜਾਉਣੀ ਸ਼ੁਰੂ ਕੀਤੀ ਅਤੇ ਦਰਬਾਰ ਵਿਚ ਸ਼ਾਨਦਾਰ ਪ੍ਰੇਡ ਹੋਣ ਲੱਗ ਪਈ। ਸਭ ਤੋਂ ਪਹਿਲਾਂ ਇਲਾਕੇ ਦੇ ਸਭ ਤੋਂ ਮਸ਼ਹੂਰ ਲੋਕ ਯਾਨੀ ਪ੍ਰਭਾਵਸ਼ਾਲੀ ਅਧਿਕਾਰੀ ਅਤੇ ਵਪਾਰਕ ਆਗੂ ਪੰਜ ਸ਼ਕਤੀਸ਼ਾਲੀ ਰੋਮੀ ਸੂਬੇਦਾਰਾਂ ਨਾਲ ਆਏ।[32] ਤੁਰਹੀਆਂ ਦੇ ਦੁਗਣੇ ਰੌਲੇ ਦੇ ਬਾਅਦ, ਫ਼ੇਸਤੁਸ ਆਪਣੇ ਖ਼ਾਸ ਮਹਿਮਾਨਾਂ ਨੂੰ ਬਿਠਾਉਣ ਲਈ ਅੱਗੇ ਵਧਿਆ। ਅਗ੍ਰਿੱਪਾ ਅਤੇ ਬਰਨੀਕੇ ਦਾ ਲਿਬਾਸ ਰਾਜਿਆਂ ਵਾਲਾ ਸੀ:[33] ਬੈਂਜਣੀ ਪੁਸ਼ਾਕ ਪਾਈ ਅਤੇ ਉਨ੍ਹਾਂ ਦੇ ਸਿਰਾਂ ਤੇ ਸੋਨੇ ਦੇ ਹਾਰ ਸਨ। ਬਰਨੀਕੇ ਦੀ ਖ਼ੂਬਸੂਰਤੀ ਵਿਚ ਉਹਦੇ ਵਾਲਾਂ ਅਤੇ ਗੁੱਟ ਤੇ ਮੋਤੀਆਂ ਦੀ ਚਮਕ ਨੇ ਚਾਰ ਚੰਨ ਲਾ ਦਿੱਤੇ ਸਨ। ਫ਼ੇਸਤੁਸ ਵੀ ਘੱਟ ਨਹੀਂ ਸੀ, ਉਹਨੇ

ਰਾਜਪਾਲ ਵਾਲੀ ਲਾਲ ਰੰਗ ਦੀ ਪੁਸ਼ਾਕ ਪਾਈ ਹੋਈ ਸੀ ਜੋ ਖ਼ਾਸ ਮੌਕਿਆਂ ਤੇ ਪਾਈ ਜਾਂਦੀ ਸੀ। ਇਹ ਤੜਕ ਭੜਕ, ਖ਼ੂਬਸੂਰਤੀ ਅਤੇ ਦੁਨਿਆਵੀ ਸ਼ਾਨ ਦਾ ਇਕ ਜ਼ਬਰਦਸਤ ਮੁਜ਼ਾਹਰਾ ਸੀ।[34]

ਫ਼ੇਸਤੁਸ ਦਾ ਹੁਕਮ ਮਿਲਣ ਤੇ, ''ਪੌਲੁਸ ਨੂੰ'' ਸਭਾ ਵਿਚ ਪੇਸ਼ ਕਰ ਦਿੱਤਾ ਗਿਆ। ਇਹ ਫ਼ਰਕ ਜ਼ਰੂਰ ਹੀ ਹੈਰਾਨ ਕਰਨ ਵਾਲਾ ਹੋਵੇਗਾ। ਇਹ ਰਸੂਲ ਜਿਹਦੇ ਹੱਥਾਂ ਵਿਚ ਪਈਆਂ ਹੱਥਕੜੀਆਂ ਕਰਕੇ ਹਿੱਲਣ ਨਾਲ ਟੱਨ ਟੱਨ ਦੀਆਂ ਅਵਾਜ਼ਾਂ ਆਉਂਦੀਆਂ ਸਨ ਅਤੇ ਉਹਦਾ ਲਿਬਾਸ ਰੰਗ ਨਾਲ ਭੂਰਾ ਹੋ ਗਿਆ ਸੀ, ਉਸ ਪ੍ਰਭਾਵਸ਼ਾਲੀ ਸਭਾ ਦੇ ਸਾਹਮਣੇ ਖਲੋਤਾ ਸੀ (26:29)। ਉਹਦੀ ਹਾਲਤ ਬੜੀ ਹੀ ਤਰਸਯੋਗ ਸੀ। ਕਿਉਂਕਿ ਉਹਦੇ ਸਰੀਰ ਉੱਤੇ ਸੁੱਕੇ ਜ਼ਖ਼ਮ ਸਨ, ਉਹਦਾ ਜਿਸਮ ਦਹਾਕਿਆਂ ਤੋਂ ਬੰਨ੍ਹੇ ਜਾਣ ਅਤੇ ਮਾਰ ਖਾਣ ਨਾਲ ਝੁਕ ਗਿਆ ਸੀ। ਭਾਵ ਇਹ ਕਿ ਜਦ ਤਕ ਕੋਈ ਉਹਦੀਆਂ ਅੱਖਾਂ ਵਿਚ ਨਾ ਝਾਕੇ, ਉਸ ਨੂੰ ਉਸ ਉੱਤੇ ਤਰਸ ਹੀ ਆਉਂਦਾ ਹੋਵੇਗਾ, ਕਿਉਂਕਿ ਉਹਦੀਆਂ ਅੱਖਾਂ ਵਿਚ ਇਕ ਅੱਗ ਸੀ।

ਤੁਸੀਂ ਇਸ ਰਸੂਲ ਲਈ ਦੁਖੀ ਨਾ ਹੋਵੋ। ਉਸ ਸਨਮਾਨਤ ਸਭਾ ਵਿਚ ਅਸਰਦਾਇਕ ਉਹੀ ਸੀ, ਸਭਾ ਦੇ ਲੋਕ ਨਹੀਂ। ਉਨ੍ਹਾਂ ਦਾ ਨਹੀਂ ਸਗੋਂ ਓਸੇ ਦਾ ਨਾਂਅ ਹਰ ਜ਼ਬਾਨ ਤੇ ਸੀ। ਉਸ ਮੌਕੇ ਦੇ ਖ਼ਾਸ ਲੋਕ (VIP)[35] ਉਹ ਨਹੀਂ, ਸਗੋਂ ਉਹੀ ਸੀ। ਕਿਸੇ ਨੇ ਕਿਹਾ ਹੈ, ''ਭਲਾ ਉਨ੍ਹਾਂ ਨੂੰ ਇਹ ਜਾਣ ਕੇ ਹੈਰਾਨੀ ਨਹੀਂ ਹੋਈ ਹੋਵੇਗੀ ਕਿ ਉਨ੍ਹਾਂ ਬਾਰੇ ਸੁਣਨ ਦਾ ਸਾਡੇ ਕੋਲ ਇੱਕੋ ਇਕ ਕਾਰਣ ਇਹੀ ਹੈ ਕਿ ਉਸ ਦਿਨ, ਉਨ੍ਹਾਂ ਦੀਆਂ ਜ਼ਿੰਦਗੀਆਂ ਪੌਲੁਸ ਨਾਂਅ ਦੇ ਇਕ ਕੈਦੀ ਨਾਲ ਜੁੜ ਗਈਆਂ ਸਨ?''

ਅਮੀਰ ਅਤੇ ਮਸ਼ਹੂਰ ਲੋਕਾਂ ਦੀਆਂ ਜ਼ਿੰਦਗੀਆਂ ਵੱਲ ਵੇਖ ਕੇ ਜਲਨ ਨਾ ਕਰੋ। (ਵੇਖੋ ਮਰਕੁਸ 10:42-44.) ਬਾਹਰੀ ਠਾਠ ਬਾਠ ਥੋੜ੍ਹੀ ਦੇਰ ਲਈ ਹੈ; ''ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਿਮਾਨ'' ਮਿਟਦੇ ਜਾਂਦੇ ਹਨ। ਇਹਦੇ ਉਲਟ ''ਜਿਹੜਾ ਪ੍ਰਮੇਸ਼ਵਰ ਦੀ ਇੱਛਾ ਉੱਤੇ ਚੱਲਦਾ ਹੈ ਉਹ ਸਦਾ ਤੀਕ ਕਾਇਮ ਰਹਿੰਦਾ ਹੈ'' (1 ਯੂਹੰਨਾ 2:16, 17)।

ਇਬਰਾਨੀਆਂ ਦੀ ਕਿਤਾਬ ਵਿਚ ਲਿਖੀ ਗੱਲ ਵਾਂਗ, ਪੌਲੁਸ ''ਹੌਸਲੇ ਨਾਲ [ਕਹਿ ਸਕਦਾ ਸੀ], ਪ੍ਰਭੂ ਮੇਰਾ ਸਹਾਈ ਹੈ ਮੈਂ ਨਾ ਡਰਾਂਗਾ, ਮਨੁੱਖ ਮੇਰਾ ਕੀ ਕਰੇਗਾ?'' (ਇਬਰਾਨੀਆਂ 13:6)। ਪੌਲੁਸ ਵਿਚ ਐਨਾ ਆਤਮ ਵਿਸ਼ਵਾਸ ਕਿੱਥੋਂ ਆਇਆ ਸੀ? ਦਮਿਸ਼ਕ ਦੇ ਰਾਹ ਵਿਚ ਪ੍ਰਭੂ ਨਾਲ ਉਹਦੀ ਮੁਲਾਕਾਤ ਜੋ ਹੋ ਚੁੱਕੀ ਸੀ; ਪ੍ਰਭੂ ਨੇ ਉਹਨੂੰ ਖ਼ਾਸ ਹੁਕਮ ਦਿੱਤਾ ਹੋਇਆ ਸੀ; ਉਹਨੇ ਆਪਣੀ ਜ਼ਿੰਦਗੀ ਪ੍ਰਭੂ ਨੂੰ ਦੇ ਦਿੱਤੀ ਸੀ। ਇਸੇ ਲਈ ਉਹ ਬੇਖ਼ੌਫ ਹੋ ਕੇ ਕੁਝ ਵੀ ਸਹਿ ਕੇ ਕਿਸੇ ਦਾ ਵੀ ਮੁਕਾਬਲਾ ਕਰ ਸਕਦਾ ਸੀ।

ਅਗਲੇ ਪਾਠ ਵਿਚ, ਅਸੀਂ ਸਰੋਤਿਆਂ ਦੇ ਹਾਲ ਦੇ ਨਾਟਕੀ ਦ੍ਰਿਸ਼ ਵੱਲ ਪਰਤਾਂਗੇ। ਉਸ ਤੋਂ ਪਹਿਲਾਂ ਅਸੀਂ ਪੌਲੁਸ ਦੀ ਜ਼ਿੰਦਗੀ ਵਿਚ ਜੀ ਉੱਠਣ ਦੀ ਸ਼ਕਤੀ ਤੇ ਜ਼ੋਰ ਦੇਣਾ ਚਾਹੁੰਦੇ ਹਾਂ।

## ਆਤਮ ਵਿਸ਼ਵਾਸ ਨਾਲ ਭਰਿਆ ਰਸੂਲ

ਆਓ ਇਸੇ ਤੇ ਮੁੜ ਵਿਚਾਰ ਨਾਲ ਸ਼ੁਰੂਆਤ ਕਰਦੇ ਹਾਂ ਕਿ ਸਾਡੀ ਕਹਾਣੀ ਵੇਲੇ ਪੌਲੁਸ ਨੂੰ ਕੀ ਕੀ ਸਹਿਣਾ ਪਿਆ। ਉਹਦੇ ਮੁਕੱਦਮਿਆਂ ਨੂੰ ਸੱਤ ਸਿਰਲੇਖਾਂ ਨਾਲ ਸੰਖੇਪ ਕੀਤਾ ਜਾ ਸਕਦਾ ਹੈ:[36] (1) *ਉਹ ਕੈਦ ਜਿਸ ਦੇ ਉਹ ਯੋਗ ਨਾ ਸੀ।* ਪੌਲੁਸ ਨੂੰ ਛੱਡ ਦਿੱਤਾ ਜਾਣਾ ਸਕਦਾ ਚਾਹੀਦਾ ਸੀ, ਪਰ ਉਹ ਕੈਦ ਵਿਚ ਹੀ ਰਿਹਾ। (2) *ਦੇਰੀ ਜਿਹਦੀ ਕੋਈ ਵਜ੍ਹਾ ਨਹੀਂ ਦੱਸੀ*

*ਗਈ।* ਲਿਖਿਆ ਹੈ, ''ਪਰ ... ਦੋ ਸਾਲ ਬੀਤ ਗਏ।'' 24:27 ਦੇ ਉਹ ਸ਼ਬਦ ਪੜ੍ਹਨ ਲਈ ਇਕ ਦੋ ਸਕਿੰਟ ਹੀ ਲਗਦੇ ਹਨ, ਪਰ ਪੌਲੁਸ ਨੇ ਇਨ੍ਹਾਂ ਨੂੰ ਚੌਵ੍ਹੀ ਮਹੀਨਿਆਂ ਤਕ ਹੰਢਾਇਆ ਸੀ। ਯਿਸੂ ਨੇ ਪੌਲੁਸ ਨੂੰ ਇਹ ਵਾਅਦਾ ਤਾਂ ਦਿੱਤਾ ਸੀ ਕਿ ਉਹ ਰੋਮ ਵਿਚ ਜਾਏਗਾ (23:11), ਪਰ ਉਹਨੇ ਦੋ ਸਾਲ ਦੇਰ ਦਾ ਜ਼ਿਕਰ ਨਹੀਂ ਕੀਤਾ ਸੀ। (3) *ਗਹਿਰਾ ਧੱਕਾ।* ਦੋ ਸਾਲਾਂ ਤਕ ਉਡੀਕ ਕਰਨ ਦੇ ਬਾਅਦ ਯਹੂਦੀਆਂ ਦੀ ਨਫ਼ਰਤ ਘੱਟ ਨਹੀਂ ਹੋਈ ਸੀ। ਉਹ ਪੌਲੁਸ ਨੂੰ ਮਰਵਾਉਣਾ ਚਾਹੁੰਦੇ ਰਹੇ। (4) *ਝੂਠੇ ਇਲਜ਼ਾਮ।* ਪੌਲੁਸ ਦੇ ਖ਼ਿਲਾਫ਼ ਲਾਏ ਇਲਜ਼ਾਮ ਜਾਂ ਤਾਂ ਖ਼ਿਆਲੀ ਸਨ ਜਾਂ ਝੂਠੇ। (5) *ਨਜਾਇਜ਼ ਲੁੱਟ।* ਫ਼ੇਲਿਕਸ ਨੇ ਪਹਿਲਾਂ ਪੌਲੁਸ ਤੋਂ ਰਿਸ਼ਵਤ ਲੈਣ ਦੀ ਕੋਸ਼ਿਸ਼ ਕੀਤੀ; ਫਿਰ ਉਹਨੇ ਯਹੂਦੀਆਂ ਨੂੰ ਮਨਾਉਣ ਲਈ ਉਸ ਨੂੰ ਵਰਤਣ ਦੀ ਕੋਸ਼ਿਸ਼ ਕੀਤੀ। ਫ਼ੇਲਿਕਸ ਨੇ ਯਹੂਦੀਆਂ ਦੀ ਹਮਦਰਦੀ ਪਾਉਣ ਲਈ ਪੌਲੁਸ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ। (6) *ਅਯੋਗ ਨਿਆਂ ਕਰਨ ਵਾਲਾ।* ਮਹਾਂ ਸਭਾ, ਫ਼ੇਲਿਕਸ, ਫ਼ੇਸਤੁਸ ਅਤੇ ਅਗ੍ਰਿੱਪਾ ਨਾਲੋਂ ਘਿਰਣਾਯੋਗ ਕਿਸੇ ਹੋਰ ਵਿਅਕਤੀ ਜਾਂ ਸੰਸਥਾ ਦੀ ਕਲਪਨਾ ਕਰਨਾ ਔਖਾ ਹੈ; ਫਿਰ ਵੀ ਉਨ੍ਹਾਂ ਨੇ ਉਸ ਦਾ ਨਿਆਂ ਕਰਨ ਦੀ ਹਿੰਮਤ ਕੀਤੀ। (7) *ਇਕ ਅਨਿਸ਼ਚਿਤ ਭਵਿੱਖ।* ਪੌਲੁਸ ਕਦੇ ਕਦੇ ਹੈਰਾਨ ਹੋ ਕੇ ਕਹਿੰਦਾ ਹੋਵੇਗਾ, ''ਕੈਸਰੀਆ 'ਚੋਂ ਹੀ ਨਾ ਨਿੱਕਲਿਆ ਤਾਂ ਮੈਂ ਰੋਮ ਵਿਚ ਪ੍ਰਚਾਰ ਕਿਵੇਂ ਕਰ ਸਕਾਂਗਾ?'' ਕੈਸਰ ਅੱਗੇ ਅਪੀਲ ਕਰਕੇ ਵੀ, ਬਾਦਸ਼ਾਹ ਦੇ ਸਾਹਮਣੇ ਆਪਣੇ ਮੁਕੱਦਮੇ ਤੋਂ ਕੁਝ ਹਾਸਲ ਹੋਣ ਬਾਰੇ ਉਹਨੂੰ ਪੱਕਾ ਪਤਾ ਨਹੀਂ ਸੀ।

**ਉਹਦਾ ਵਿਸ਼ਵਾਸ**

ਇਨ੍ਹਾਂ ਸਭ ਨਾਵਾਜਬ ਮੁਕੱਦਮਿਆਂ ਵਿਚ ਕਿਹੜੀ ਗੱਲ ਸੀ ਜਿਸ ਨੇ ਪੌਲੁਸ ਨੂੰ ਕਾਇਮ ਰੱਖਿਆ? ਉਹਦੇ ਵਿਸ਼ਵਾਸ ਨੇ। ਵਿਸ਼ਵਾਸ ਹੀ ਉਹ ''ਢਾਲ'' ਸੀ ਜਿਸ ਨਾਲ ਉਹ ''ਉਸ ਦੁਸ਼ਟ ਦੇ ਸਾਰੇ ਅਗਨ ਬਾਣਾਂ ਨੂੰ ਬੁਝਾ'' ਸਕਿਆ (ਅਫ਼ਸੀਆਂ 6:16)। ਉਹਦਾ ਵਿਸ਼ਵਾਸ ਆਪਣੇ ਖ਼ੁਦਾ ਵਿਚ ਸੀ। ਅਖ਼ੀਰ ਵਿਚ ਅਗ੍ਰਿੱਪਾ ਸਾਹਮਣੇ ਖਲੋ ਕੇ ਉਹਨੇ ਕਿਹਾ, ''ਸੋ ਪ੍ਰਮੇਸ਼ਵਰ ਦੀ ਮਦਦ ਪਾ ਕੇ ਮੈਂ ਅੱਜ ਤਾਈਂ ਖੜਾ ਹਾਂ'' (ਰਸੂਲਾਂ ਦੇ ਕੰਮ 26:22)। ਪੌਲੁਸ ਨੇ ਲਿਖਿਆ, ''ਜਦੋਂ ਪ੍ਰਮੇਸ਼ਵਰ ਸਾਡੀ ਵੱਲ ਹੈ ਤਾਂ ਸਾਨੂੰ ਕੋਈ ਹਰਾ ਨਹੀਂ ਸਕਦਾ'' (ਰੋਮੀਆਂ 8:31; NCV)। ਉਸ ਨੂੰ ਯਿਸੂ ਦੇ ਵਾਅਦੇ ਤੇ ਭਰੋਸਾ ਸੀ ਕਿ ਉਹ ਇਕ ਦਿਨ ਰੋਮ ਵਿਚ ਪ੍ਰਚਾਰ ਕਰੇਗਾ (ਰਸੂਲਾਂ ਦੇ ਕੰਮ 23:11)। ਪਰ ਮੈਂ ਸੁਝਾਅ ਦਿਆਂਗਾ ਕਿ ਖ਼ਾਸ ਕਰਕੇ *ਜੀ ਉੱਠਣ* ਵਿਚ ਉਹਦੇ ਵਿਸ਼ਵਾਸ ਨੇ ਉਹਨੂੰ ਅੱਗੇ ਵਧਣ ਲਈ ਹਿੰਮਤ ਦਿੱਤੀ। ਹੋ ਸਕਦਾ ਹੈ ਕਿ ਉਹਨੂੰ ਇਹ ਪਤਾ ਨਾ ਲੱਗਾ ਹੋਵੇ ਕਿ ਉਸ ਉੱਤੇ ਉਹ ਤਕਲੀਫ਼ਾਂ ਕਿਉਂ ਆਈਆਂ ਪਰ ਉਹਨੂੰ ਇਹ ਸਮਝ ਸੀ ਕਿ ਉਹਦਾ ਮੁਕਤੀਦਾਤਾ ਜ਼ਿੰਦਾ ਹੈ ਅਤੇ ਕੰਮ ਕਰ ਰਿਹਾ ਹੈ ਅਤੇ ਸਭ ਸੰਭਾਲ ਸਕਦਾ ਹੈ। ਉਹਦੇ ਨਾਲ ਜੋ ਕੁਝ ਵੀ ਹੋ ਜਾਵੇ, ਭਾਵੇਂ ਉਹ ਅਖ਼ੀਰ ਵਿਚ ਕੈਸਰ ਦੇ ਹੱਥੀਂ ਮਰ ਵੀ ਜਾਵੇ, ਫਿਰ ਵੀ ਸਭ ਕੁਝ ਠੀਕ ਠਾਕ ਹੋਵੇਗਾ; ਜੀ ਉੱਠਣਾ ਇਸ ਗੱਲ ਦੀ ਗਰੰਟੀ ਸੀ! ਜਿਵੇਂ ਉਹਨੇ ਕੁਰਿੰਥੀਆਂ ਦੇ ਨਾਂਅ ਖ਼ਤ ਵਿਚ ਲਿਖਿਆ:

> ... ਹੁਣ ਮਸੀਹ ਤਾਂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਸੁੱਤਿਆਂ ਹੋਇਆਂ ਦਾ ਪਹਿਲਾ ਫ਼ਲ ਹੈ! (1 ਕੁਰਿੰਥੀਆਂ 15:20)।

> ... ਧੰਨਵਾਦ ਹੈ ਪ੍ਰਮੇਸ਼ਵਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫ਼ਤਹਿ ਬਖ਼ਸ਼ਦਾ ਹੈ! (1 ਕੁਰਿੰਥੀਆਂ 15:57)।

**ਸਾਡਾ ਆਤਮ ਵਿਸ਼ਵਾਸ**

ਪੌਲੁਸ ਦੀਆਂ ਮੁਸੀਬਤਾਂ ਦੀ ਸੂਚੀ ਵੇਖ ਕੇ ਤੁਹਾਡੇ ਵਿੱਚੋਂ ਬਹੁਤ ਲੋਕ ਆਪਣੇ ਆਪ ਨੂੰ ਉਹਦੇ ਨਾਲ ਮਿਲਾ ਸਕਦੇ ਹਨ। ਉਹਦੇ ਵਾਂਗ ਹੀ ਤੁਹਾਡੇ ਵਿੱਚੋਂ ਵੀ ਕਈ ਉਨ੍ਹਾਂ ਕਾਰਣਾਂ ਨਾਲ ਕੈਦ ਵਿਚ ਹਨ ਜਿਨ੍ਹਾਂ ਵਿੱਚ ਤੁਹਾਡੀ ਕੋਈ ਗ਼ਲਤੀ ਨਹੀਂ ਸੀ। ਸ਼ਾਇਦ ਤੁਸੀਂ ਅਪਾਹਜ ਹੋਣ ਜਾਂ ਅੱਗੇ ਵਧਣ ਦੀ ਉਮੀਦ ਨਾ ਹੋਣ ਕਰਕੇ ਓਸੇ ਕੰਮ ਨਾਲ ਜੁੜੇ ਹੋਏ ਹੋ।[37] ਕਈ ਤਾਂ ਬਿਨਾਂ ਵਜ੍ਹਾ ਦੀ ਦੇਰੀ ਕਰਕੇ ਖਿਝ ਗਏ ਹਨ। ਤੁਸੀਂ ਜ਼ਿੰਦਗੀ ਵਿਚ ਕਿਸੇ ਪੌਜ਼ਿਟਿਵ ਵਿਕਾਸ ਦੀ ਉਡੀਕ ਕਰ ਰਹੇ ਹੋ ਅਤੇ ਅਜਿਹਾ ਲਗਦਾ ਹੈ ਕਿ ਉਹ ਕਦੇ ਨਹੀਂ ਆਏਗਾ। ਕਈਆਂ ਨੂੰ ਤਾਂ ਡੂੰਘੀ ਸੱਟ ਲੱਗੀ ਹੈ। ਇਕ ਵਿਰੋਧੀ ਨੂੰ ਮਨਾਉਣ ਲਈ ਤੁਸੀਂ ਸਭ ਕੁਝ ਕੀਤਾ, ਪਰ ਉਹਨੇ ਤੱਹਈਆ ਕੀਤਾ ਹੋਇਆ ਹੈ ਕਿ ਸੁਲਾਹ ਨਹੀਂ ਕਰਨੀ। ਕਈ ਤਾਂ ਝੂਠੇ ਇਲਜ਼ਾਮਾਂ ਦਾ ਸ਼ਿਕਾਰ ਹੋਏ ਹਨ। ਆਪਣੇ ਆਪ ਨੂੰ ਬੇਦੋਸ਼ਾ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਕਰਦੇ ਤੁਸੀਂ ਥੱਕ ਚੁੱਕੇ ਹੋ। ਕਿਸੇ ਨੇ ਤੁਹਾਡਾ ਸ਼ੋਸ਼ਣ ਕੀਤਾ ਹੈ। ਤੁਹਾਨੂੰ ਪਤਾ ਹੈ ਕਿ ਦੂਜਿਆਂ ਦੇ ਹੱਥਾਂ ਵਿਚ ਖੇਡਣ ਤੋਂ ਕੀ ਭਾਵ ਹੈ। ਤੁਹਾਨੂੰ ਕਿਸੇ ਦੋਸਤ, ਕੰਮ ਦੇਣ ਵਾਲੇ ਜਾਂ ਪਤੀ ਜਾਂ ਪਤਨੀ ਵੱਲੋਂ ਵਰਤਿਆ ਅਤੇ ਜ਼ਲੀਲ ਕੀਤਾ ਗਿਆ ਹੈ। ਕਈਆਂ ਦੀ ਤਾਂ ਅਜਿਹੇ ਲੋਕਾਂ ਵੱਲੋਂ ਅਲੋਚਨਾ ਹੁੰਦੀ ਹੈ ਜੋ ਖ਼ੁਦ ਇਸ ਯੋਗ ਨਹੀਂ ਹਨ। ਸ਼ਾਇਦ ਉਨ੍ਹਾਂ ਨੂੰ ਇਸ ਗੱਲ ਦਾ ਸਾੜਾ ਹੁੰਦਾ ਹੈ ਕਿ ਤੁਹਾਡੇ ਕੋਲ ਐਨਾ ਕੁਝ ਕਿਉਂ ਹੈ। ਸਾਨੂੰ ਸਭ ਨੂੰ ਇਕ ਅਨਿਸ਼ਚਿਤ ਭਵਿੱਖ ਦਾ ਸਾਹਮਣਾ ਕਰਨਾ ਪੈਂਦਾ ਹੈ (ਯਾਕੂਬ 4:14ੳ)।

ਪੌਲੁਸ ਵਾਂਗ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਅਸੀਂ ਅੱਗੇ ਕਿਵੇਂ ਵਧ ਸਕਦੇ ਹਾਂ? ਇਹਦੀ ਕੁੰਜੀ ਵਿਸ਼ਵਾਸ ਹੈ। ''ਫ਼ਤਹਿ ਇਹ ਹੈ ਜਿਹ ਨੇ ਸੰਸਾਰ ਉੱਤੇ ਫ਼ਤਹਿ ਪਾਈ ਅਰਥਾਤ ਸਾਡੀ ਨਿਹਚਾ'' (1 ਯੂਹੰਨਾ 5:4ਅ)। ਇਨ੍ਹਾਂ ਸ਼ਬਦਾਂ ਨੂੰ ਕਿਸੇ ਅਜਿਹੀ ਥਾਂ ਲਿਖ ਲਵੋ ਜਿੱਥੋਂ ਤੁਸੀਂ ਅਸਾਨੀ ਨਾਲ ਇਨ੍ਹਾਂ ਨੂੰ ਕਿਸੇ ਵੇਲੇ ਵੀ ਵੇਖ ਸਕੋ। ''*ਕਿਸੇ ਅਣਜਾਣ ਆਦਮੀ ਦਾ ਸਾਹਮਣਾ ਹੋ ਜਾਵੇ, ਤਾਂ ਉਸ ਉੱਤੇ ਭਰੋਸਾ ਰੱਖੋ ਜਿਸ ਨੂੰ ਤੁਸੀਂ ਜਾਣਦੇ ਹੋ।*'' ਹੋ ਸਕਦਾ ਹੈ ਕਿ ਤੁਹਾਨੂੰ ਇਹ ਪਤਾ ਨਾ ਲੱਗੇ ਕਿ ਤੁਹਾਡੇ ਆਲੇ ਦੁਆਲੇ ਜ਼ਿੰਦਗੀ ਕਿਉਂ ਰੁਕ ਗਈ ਹੈ, ਪਰ ਤੁਹਾਨੂੰ ਇਹ ਪਤਾ ਲਗ ਸਕਦਾ ਹੈ ਕਿ ਖ਼ੁਦਾ ਤੁਹਾਨੂੰ ਪਿਆਰ ਕਰਦਾ ਹੈ ਅਤੇ ਉਹ ਤੁਹਾਡੀ ਮਦਦ ਕਰੇਗਾ। ਅਤੇ ਸਭ ਚੀਜ਼ਾਂ ਮਿਲ ਕੇ ਤੁਹਾਡਾ ਭਲਾ ਹੀ ਕਰਨਗੀਆਂ (1 ਯੂਹੰਨਾ 4:10; ਇਬਰਾਨੀਆਂ 13:6; ਰੋਮੀਆਂ 8:28)। ਤੁਸੀਂ ਇਹ ਜਾਣ ਸਕਦੇ ਹੋ ਕਿ ਯਿਸੂ ਜ਼ਿੰਦਾ ਹੈ ਅਤੇ ਤੁਹਾਡੀ ਜ਼ਿੰਦਗੀ ਵਿਚ ਕੰਮ ਕਰ ਰਿਹਾ ਹੈ: ''ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪ੍ਰਮੇਸ਼ਵਰ ਅਤੇ ਪਿਤਾ ਜਿਹਨੇ ਆਪਣੀ ਅੱਤ ਦਇਆ ਦੇ ਅਨੁਸਾਰ ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਣ ਸਾਨੂੰ ਜਿਊਂਦੀ ਆਸ ਲਈ ਨਵੇਂ ਸਿਰਿਓਂ ਜਨਮ ਦਿੱਤਾ'' (1 ਪਤਰਸ 1:3)। ਤੁਸੀਂ ਯਕੀਨ ਜਾਣ ਸਕਦੇ ਹੋ ਕਿ ਇਕ ਦਿਨ ਉਹ ਤੁਹਾਨੂੰ ਘਰ ਲਿਜਾਣ ਲਈ ਫਿਰ ਆਵੇਗਾ!

> ...ਅਸੀਂ ... ਸੱਭੇ ਛਿੰਨ ਭਰ ਵਿਚ ਅੱਖ ਦੀ ਝਮਕ ਵਿਚ ਛੇਕੜਲੀ ਤੁਰ੍ਹੀ ਫੂਕਦਿਆਂ ਸਾਰ ਹੋਰ ਦੇ ਹੋਰ ਹੋ ਜਾਵਾਂਗੇ। ਤੁਰ੍ਹੀ ਫੂਕੀ ਜਾਵੇਗੀ ਅਤੇ ਮੁਰਦੇ ਅਵਿਨਾਸ਼ੀ ਹੋ ਕੇ

ਜੀ ਉੱਠਣਗੇ ਅਤੇ ਅਸੀਂ ਹੋਰ ਦੇ ਹੋਰ ਹੋ ਜਾਵਾਂਗੇ। ਕਿਉਂ ਜੋ ਜ਼ਰੂਰ ਹੈ ਕਿ ਨਾਸ਼ਵਾਨ ਅਵਿਨਾਸ਼ ਨੂੰ ਉਦਾਲੇ ਪਾਵੇ ਅਤੇ ਇਹ ਮਰਨਹਾਰ ਅਮਰਤਾ ਨੂੰ ਉਦਾਲੇ ਪਾਵੇ। ਇਹ ਨਾਸ਼ਵਾਨ ਅਵਿਨਾਸ਼ ਨੂੰ ਅਤੇ ਇਹ ਮਰਨਹਾਰ ਅਮਰਤਾ ਨੂੰ ਉਦਾਲੇ ਪਾ ਚੁੱਕੇਗਾ ਤਾਂ ਉਹ ਗੱਲ ਜਿਹੜੀ ਲਿਖੀ ਹੋਈ ਹੈ ਪੂਰੀ ਹੋ ਜਾਵੇਗੀ, ਮੌਤ ਫ਼ਤਹਿ ਦੀ ਬੁਰਕੀ ਹੋ ਗਈ (1 ਕੁਰਿੰਥੀਆਂ 15:51-54)।

ਆਪਣੀ ਜ਼ਿੰਦਗੀ ਵਿਚ ਸਭ ਕੁਝ ਗ਼ਲਤ ਹੋਣ ਤੇ ਵੀ, ਜੀ ਉੱਠਣ ਦੀ ਮਜ਼ਬੂਤੀ ਨਾਲ ਜੁੜੇ ਰਹੋ!

## ਸਾਰ

ਕੀ ਤੁਸੀਂ ਯਿਸੂ ਦੇ ਜੀ ਉੱਠਣ ਬਾਰੇ ਫ਼ੇਸਤੁਸ ਵਾਂਗ ਹੀ ਉਲਝਣ ਵਿਚ ਹੋ ਜਾਂ ਪੌਲੁਸ ਵਾਂਗ ਤੁਹਾਨੂੰ ਯਕੀਨ ਹੈ? ਕੀ ਤੁਹਾਡੀ ਨਜ਼ਰ 'ਚ ਜੀ ਉੱਠਣਾ ਸਿਰਫ਼ ''ਯਿਸੂ ਨਾਂਅ ਦੇ ਕਿਸੇ ਆਦਮੀ ਬਾਰੇ ਜੋ ਮਰ ਗਿਆ ਸੀ ਅਤੇ ਪੌਲੁਸ ਉਹਨੂੰ ਜ਼ਿੰਦਾ ਦੱਸਦਾ ਸੀ, [ਇਕ] ਵਿਵਾਦ'' ਹੈ ਜਾਂ ਜੀ ਉੱਠਣਾ ਇਕ ਜ਼ਿੰਦਾ ਹਕੀਕਤ ਹੈ ਜਿਸ ਨੇ ਤੁਹਾਡੀ ਜ਼ਿੰਦਗੀ ਬਦਲ ਦਿੱਤੀ ਹੈ? ''ਅਤੇ ਜੇ ਮਸੀਹ ਨਹੀਂ ਜੀ ਉੱਠਿਆ ਤਾਂ ਸਾਡਾ ਪ੍ਰਚਾਰ ਥੋਥਾ ਹੈ ਅਤੇ ਤੁਹਾਡੀ ਨਿਹਚਾ ਥੋਥੀ ਹੈ।... ਜੇ ਮੁਰਦੇ ਨਹੀਂ ਜੀ ਉੱਠਦੇ ਤਾਂ ਆਓ ਅਸੀਂ ਖਾਈਏ ਪੀਵੀਏ ਕਿਉਂ ਜੋ ਭਲਕੇ ਮਰਨਾ ਹੈ'' (1 ਕੁਰਿੰਥੀਆਂ 15:14, 32)। ਇਹਦੇ ਉਲਟ ਜੇ ਮਸੀਹ ਜੀ ਉੱਠਿਆ ਹੈ ਤਾਂ ਸਭ ਕੁਝ ਬਦਲ ਜਾਂਦਾ ਹੈ।

ਅਗਲੇ ਪਾਠ ਵਿਚ ਅਸੀਂ ਪੌਲੁਸ ਨੂੰ ਦੁਨਿਆਵੀ ਸਰੋਤਿਆਂ ਤੋਂ ਇਹ ਪੁੱਛਦੇ ਸੁਣਾਂਗੇ ਕਿ ''ਜਦ ਖ਼ੁਦਾ ਮੁਰਦਿਆਂ ਨੂੰ ਜ਼ਿੰਦਾ ਕਰਦਾ ਹੈ, ਤਾਂ ਤੁਹਾਨੂੰ ਇਹ ਗੱਲ ਵਿਸ਼ਵਾਸ ਦੇ ਯੋਗ ਕਿਉਂ ਨਹੀਂ ਲਗਦੀ?'' ਜੇ ਖ਼ੁਦਾ ਦੁਨੀਆਂ ਨੂੰ ਬਿਨਾਂ ਕੋਈ ਚੀਜ਼ ਲਏ ਤੋਂ ਬਣਾ ਸਕਦਾ ਹੈ, ਜੇ ਖ਼ੁਦਾ ਆਦਮ ਵਿਚ ਜ਼ਿੰਦਗੀ ਦਾ ਸਾਹ ਪਾ ਸਕਦਾ ਹੈ, ਜੇ ਉਹ ਪੌਲੁਸ ਵਰਗੇ ਆਦਮੀ ਨੂੰ ਬਦਲ ਸਕਦਾ ਸੀ,[38] ਤਾਂ ਉਹਦੇ ਲਈ ਯਿਸੂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਨਾ ਕਿਹੜਾ ਵੱਡਾ ਕੰਮ ਹੈ!

''ਮਸੀਹ ਤਾਂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਸੁੱਤਿਆਂ ਹੋਇਆਂ ਦਾ ਪਹਿਲਾ ਫ਼ਲ ਹੈ!'' (1 ਕੁਰਿੰਥੀਆਂ 15:20)। ਖ਼ੁਦਾ ਕਰੇ ਕਿ ਇਹ ਸੱਚਾਈ ਤੁਹਾਨੂੰ ਸਮਝ ਆ ਜਾਵੇ ਅਤੇ ਤੁਹਾਡੀ ਜ਼ਿੰਦਗੀ ਬਦਲ ਜਾਵੇ, ਜਿਵੇਂ ਇਸ ਨੇ ਪੌਲੁਸ ਦੀ ਜ਼ਿੰਦਗੀ ਨੂੰ ਬਦਲ ਕੇ ਉਸ ਵਿਚ ਸ਼ਕਤੀ ਭਰੀ ਸੀ! ਆਪਣੀ ਜ਼ਿੰਦਗੀ ਜੀ ਉੱਠੇ ਪ੍ਰਭੂ ਨੂੰ ਦੇ ਦਿਓ,[39] ਅਤੇ ਚੰਗੇ ਅਤੇ ਮਾੜੇ ਦਿਨਾਂ ਵਿਚ ਉਹਦੇ ਨਾਲ ਚੱਲੋ!

## ਸਰਮਨ ਨੋਟਸ

ਇਸ ਪਾਠ ਵਿਚ ਸਾਡੀਆਂ ਜ਼ਿੰਦਗੀਆਂ ਵਿਚ ਜੀ ਉੱਠਣ ਦੀ ਵਿਹਾਰਕ ਸ਼ਕਤੀ ਤੇ ਜ਼ੋਰ ਦਿੱਤਾ ਗਿਆ ਹੈ, ਇਸ ਕਰਕੇ ਮੈਂ ਜੀ ਉੱਠਣ ਦੇ ਸਬੂਤਾਂ ਜਾਂ ਜੀ ਉੱਠਣ 'ਤੇ ਬਾਈਬਲ ਦੀ ਸਿੱਖਿਆ ਦੇ ਹੋਰ ਪਹਿਲੂਆਂ ਤੇ ਸਮਾਂ ਨਹੀਂ ਲਾਵਾਂਗਾ। ਤੁਸੀਂ ਚਾਹੋ ਤਾਂ ਜੀ ਉੱਠਣ 'ਤੇ ਇਕ ਜਾਂ ਦੋ ਵਾਧੂ ਪਾਠਾਂ ਰਾਹੀਂ ਪ੍ਰਚਾਰ ਕਰ ਸਕਦੇ ਹੋ।

## ਟਿੱਪਣੀਆਂ

[1]*ਵਾਲਟਰ ਬੀ. ਨਾਈਟ'ਜ਼ ਟਰੇਜ਼ਰੀ ਆਫ਼ ਇਲਸਟ੍ਰੇਸ਼ੰਜ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲਿਸ਼ਿੰਗ ਕੰ., 1963), 314. [2] ਮੈਂ ''ਮੁਕੱਦਮਿਆਂ'' ਸ਼ਬਦ ਨੂੰ ਕੌਮਿਆਂ ਵਿਚ ਰੱਖਦਾ ਹਾਂ ਕਿਉਂਕਿ ਸਭਾ ਦੇ ਚੈਂਬਰਾਂ ਵਿਚ ਸਹੀ ਮੁਕੱਦਮਾ ਹੋਣ ਦੀ ਗੱਲ ਸੋਚਣਾ ਔਖਾ ਲੱਗੇਗਾ, ਅਤੇ ਯਕੀਨਨ ਹੀ ਅਗ੍ਰਿੱਪਾ ਕੋਲ ਪੌਲੁਸ ਦਾ ਪੱਖ ਅਸਲ 'ਚ ਕੋਈ ਮੁਕੱਦਮਾ ਨਹੀਂ ਸੀ। ਤਾਂ ਵੀ ਬਹੁਤੇ ਵਿਦਵਾਨ ਇਨ੍ਹਾਂ ਨੂੰ ''ਮੁਕੱਦਮਿਆਂ'' ਦਾ ਨਾਂਅ ਹੀ ਦਿੰਦੇ ਹਨ। ਇਨ੍ਹਾਂ ਸਭਨਾਂ ਵਿਚ ਪੌਲੁਸ ਨੂੰ ਆਪਣੀ ਜ਼ਿੰਦਗੀ ਲਈ ਨਹੀਂ ਸਗੋਂ ਆਪਣੇ ਵਿਸ਼ਵਾਸ ਦੀ ਖ਼ਾਤਰ ਲੜਨਾ ਪੈ ਰਿਹਾ ਸੀ। [3]ਲਾਇਡ ਜੇ. ਓਗਿਲਵੀ, *ਦ ਕਮਿਊਨਿਕੇਟਰ' ਜ਼ ਕਮੈਂਟਰੀ,* ਅੰਕ 5, *ਐਕਟਸ* (ਡੈਲਸ: ਵਰਡ ਪਬਲਿਸ਼ਿੰਗ ਕੰ., 1983), 339-40. [4]ਉਹ ਹੈਰੋਦੇਸ ਅਗ੍ਰਿੱਪਾ ਦੂਜਾ ਸੀ। *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਹੈਰੋਦੇਸ ਦਾ ਘਰਾਣਾ'' ਵਾਲਾ ਚਾਰਟ ਵੇਖੋ। [5]ਇਹ ਹੈਰੋਦੇਸ ਅਗ੍ਰਿੱਪਾ ਪਹਿਲਾ ਸੀ। *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਆਦਮੀ ਜਿਸਨੇ ਆਪਣੇ ਆਪ ਨੂੰ ਖ਼ੁਦਾ ਸਮਝਿਆ ਸੀ'' ਪਾਠ ਵੇਖੋ। [6]ਅਗ੍ਰਿੱਪਾ ਅਤੇ ਉਹਦੀ ਹਕੂਮਤ ਦੀ ਹੱਦ ਤੇ ਹੋਰ ਜਾਣਕਾਰੀ ਲਈ, ਇਸ ਕਿਤਾਬ ਵਿਚ ਅੱਗੇ ''ਪ੍ਰੈਣ ਦੀ ਆਰ 'ਤੇ ਲੱਤ ਮਾਰਨੀ'' ਪਾਠ ਵੇਖੋ। [7] *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ''ਕੰਧਾਂ ਢਹਿਣਾ'' ਪਾਠ ਵੇਖੋ। [8] *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਆਦਮੀ ਜਿਸਨੇ ਆਪਣੇ ਆਪ ਨੂੰ ਖ਼ੁਦਾ ਸਮਝਿਆ ਸੀ'' ਪਾਠ ਵੇਖੋ। ਹੈਰੋਦੇਸ ਅਗ੍ਰਿੱਪਾ ਦੂਜੇ ਨੂੰ ਸ਼ਹਿਰ ਵਿਚ ਆਣ ਕੇ ਭਲਾ ਲੱਗਾ ਹੋਵੇਗਾ ਕਿ ''ਇਹ ਸਭ ਮੇਰਾ ਹੋਣਾ ਚਾਹੀਦਾ ਹੈ''? [9] *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ ਸਫ਼ਾ 218 'ਤੇ ''ਰਸੂਲਾਂ ਦੇ ਕੰਮ ਕਿਤਾਬ ਦਾ ਕਾਲਕ੍ਰਮ'' ਵੇਖੋ। [10]ਹੈਰੋਦੇਸ ਦੇ ਨਾਂਅ ਦਾ ਵਜੂਕਾ ਅਜੇ ਵੀ ਸੀ। ਦੇਸ਼ ਵਿਚ ਮੌਜੂਦ ਇਕ ਧਾਰਮਿਕ/ਸਿਆਸੀ ਗੁੱਟ ''ਹੈਰੋਦੇਸੀ'' ਕਰਕੇ ਜਾਣਿਆ ਜਾਂਦਾ ਸੀ (ਵੇਖੋ ਮਰਕੁਸ 3:6; 12:13)।

[11]ਜਿਵੇਂ ਕਿ ਅਗਲੇ ਪਾਠ ਵਿਚ ਧਿਆਨ ਦਿੱਤਾ ਗਿਆ ਹੈ, ਅਗ੍ਰਿੱਪਾ ਦੀ ਹਕੂਮਤ ਯਹੂਦੀਆਂ 'ਤੇ ਨਾ ਹੋਣ ਦੇ ਬਾਵਜੂਦ ਰੋਮ ਨੇ ਉਹਨੂੰ ਯਰੂਸ਼ਲਮ ਦੀ ਹੈਕਲ 'ਤੇ ਨਿਗਰਾਨ ਠਹਿਰਾ ਕੇ ਉਹਨੂੰ ਪ੍ਰਧਾਨ ਯਾਜਕ ਚੁਣਨ ਦਾ ਇਖ਼ਤਿਆਰ ਦਿੱਤਾ ਹੋਇਆ ਸੀ। ਅਗ੍ਰਿੱਪਾ ਫ਼ੇਸਤੁਸ ਦੀ ਚੁਣੌਤੀ ਨੂੰ ਅਸਾਨ ਜਾਂ ਮੁਸ਼ਕਿਲ ਬਣਾ ਸਕਦਾ ਸੀ। [12] *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਆਦਮੀ ਜਿਸਨੇ ਆਪਣੇ ਆਪ ਨੂੰ ਖ਼ੁਦਾ ਸਮਝਿਆ ਸੀ'' ਪਾਠ ਦੀ ਸਮੀਖਿਆ ਕਰੋ। [13]ਸੰਦੇਹਵਾਦੀ ਇਕ ਵਾਰ ਫੇਰ ਹੈਰਾਨ ਹੁੰਦੇ ਹਨ ਕਿ ਰਾਜਪਾਲ ਅਤੇ ਬਾਦਸ਼ਾਹ ਵਿਚਕਾਰ ਹੋਈ ਨਿੱਜੀ ਗੱਲਬਾਤ ਦਾ ''ਲੂਕਾ ਨੂੰ ਕਿਵੇਂ ਪਤਾ ਲੱਗਾ।'' ਉਹ ਸੁਝਾਅ ਦਿੰਦੇ ਹਨ ਕਿ ਲੂਕਾ ਨੇ ਫ਼ੇਸਤੁਸ ਦੇ ਸ਼ਬਦ ''ਘੜੇ।'' ਹੋ ਸਕਦਾ ਹੈ ਕਿ ਉਨ੍ਹਾਂ ਦੀ ਗੱਲਬਾਤ ਕਰਦੇ ਵਕਤ ਉੱਥੇ ਮੌਜੂਦ ਸੇਵਕ ਮਸੀਹੀਅਤ ਨਾਲ ਹਮਦਰਦੀ ਰੱਖਦੇ ਹੋਣ (ਵੇਖੋ ਫ਼ਿਲਿੱਪੀਆਂ 4:22)। ਸਭ ਤੋਂ ਅਹਿਮ ਗੱਲ ਇਹ ਹੈ ਕਿ ਲੂਕਾ ਨੂੰ ਖ਼ੁਦਾ ਦੀ ਪ੍ਰੇਰਣਾ ਸੀ ਅਤੇ ਬਾਦਸ਼ਾਹਾਂ ਦੀਆਂ ਆਰਾਮਗਾਹਾਂ ਵਿਚ ਕੀ ਹੁੰਦਾ ਹੈ, *ਖ਼ੁਦਾ* ਨੂੰ ਸਭ ਖ਼ਬਰ ਹੈ (2 ਰਾਜਿਆਂ 6:12)। [14]ਇਹਦੀ ਤੁਲਨਾ ਯਰੂਸ਼ਲਮ ਵਿਚ ਹੋਈਆਂ ਗੱਲਾਂ ਦੇ ਲੂਸੀਅਸ ਦੇ ਬ੍ਰਿਤਾਂਤ ਨਾਲ ਕਰੋ (ਇਸ ਕਿਤਾਬ ਵਿਚ ''ਉਮੀਦ ਫੇਰ ਤੋਂ ਜਗੀ'' ਪਾਠ ਵਿਚ ਰਸੂਲਾਂ ਦੇ ਕੰਮ 23:25-30 'ਤੇ ਨੋਟਸ ਵੇਖੋ)। [15]ਪੌਲੁਸ ਨਾਲ ਕਿਸੇ ਦਾ ਸਲੂਕ ਕਿਹੋ ਜਿਹਾ ਵੀ ਹੋਵੇ, ਉਹ ਸੀ ਤਾਂ *ਕੈਦੀ* ਹੀ। [16]ਦੂਜੇ ਸ਼ਬਦਾਂ ਵਿਚ, ਹਰ ਬੰਦੇ ਨੂੰ ਅਦਾਲਤ ਵਿਚ ਜਵਾਬ ਦੇਣ ਦਾ ਹੱਕ ਹੈ। ਰੋਮੀ ਨਿਆਂ ਦੇ ਖ਼ਾਸ ਕਾਨੂੰਨਾਂ ਵਿੱਚੋਂ ਇਹ ਇਕ ਸੀ। ਕਈ ਵਾਰ ਉਹ ਆਪਣੇ ਬਣਾਏ ਆਦਰਸ਼ਾਂ ਤੋਂ ਡਿੱਗ ਗਏ ... ਪਰ ਅੱਜ ਅਸੀਂ ਵੀ ਤਾਂ ਡਿੱਗਦੇ ਹਾਂ। [17]ਫ਼ੇਸਤੁਸ ਆਪਣੀ ਈਮਾਨਦਾਰੀ ਦੀ ਤੁਲਨਾ ਫ਼ੇਲਿਕਸ ਦੀ ਲਾਪਰਵਾਹੀ ਨਾਲ ਕਰ ਰਿਹਾ ਸੀ। [18]ਫ਼ੇਸਤੁਸ ਨੇ ਕਤਲ, ਵੱਡੀ ਚੋਰੀ ਜਾਂ ਕਿਸੇ ਵੱਡੇ ਇਲਜ਼ਾਮ ਦੀ ਉਮੀਦ ਕੀਤੀ ਹੋਵੇਗੀ। [19]ਫ਼ੇਸਤੁਸ ਨੂੰ ਯਹੂਦੀ ਪਿਛੋਕੜ ਵਾਲੇ ਆਦਮੀ ਲਈ ''ਉਹ ਆਪਣੀ'' ਕਿਉਂ ਕਿਹਾ? ਸ਼ਾਇਦ ਉਹ ਬਾਦਸ਼ਾਹ ਨੂੰ ਯਹੂਦੀ ਆਗੂਆਂ ਦਾ ਅਨਿਆਂ ਕਰਨ ਵਾਲੇ ਦੇ ਰੂਪ ਵਿਚ ਨਹੀਂ ਵੇਖਣਾ ਚਾਹੁੰਦਾ ਸੀ। ਸ਼ਾਇਦ ਉਹਦੀ ਜ਼ਬਾਨ ਫ਼ਿਸਲ ਗਈ ਸੀ। [20]''ਦੇਵ ਪੂਜਾ'' ਸ਼ਬਦ ਇੱਥੇ ਯੂਨਾਨੀ ਦੇ ਉਸ ਸ਼ਬਦ ਦਾ ਰੂਪ ਹੈ ਜਿਹਦਾ ਅਨੁਵਾਦ 17:22 ਵਿਚ ''ਪੂਜਣ ਵਾਲੇ '' ਹੋਇਆ ਹੈ। ਇਸ ਸ਼ਬਦ ਦਾ ਲਫ਼ਜ਼ੀ ਅਰਥ ''ਭੂਤਾਂ ਦੀ ਪੂਜਾ'' ਹੈ ਅਤੇ KJV ਵਿਚ ਇਹਦਾ ਅਨੁਵਾਦ ''ਅੰਧਵਿਸ਼ਵਾਸ'' ਹੋਇਆ ਹੈ। *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 4'' ਵਿਚ ''ਸਭ ਤੋਂ ਮਹਾਨ ਉਪਦੇਸ਼ਾਂ ਵਿੱਚੋਂ ਇਕ'' ਪਾਠ ਵਿਚ ਰਸੂਲਾਂ ਦੇ ਕੰਮ 17:22 'ਤੇ ਨੋਟਸ ਵੇਖੋ। ਫ਼ੇਸਤੁਸ ਨੇ ਆਪਣੇ ਯਹੂਦੀ ਮਹਿਮਾਨ ਦੀ ਬੇਇੱਜ਼ਤੀ ਜਾਣ ਬੁੱਝ ਕੇ ਨਹੀਂ ਕਰਨੀ ਸੀ, ਇਸ ਕਰਕੇ ''ਦੇਵ ਪੂਜਾ'' ਸ਼ਾਇਦ ਬੇਹਤਰ ਅਨੁਵਾਦ ਹੈ। ਪਰ ਹੋ ਸਕਦਾ ਹੈ ਕਿ ਰਸੂਲਾਂ ਦੇ ਕੰਮ 17 ਵਿਚ ਪੌਲੁਸ ਵਾਂਗ ਉਹਦੇ ਮਨ ਵਿਚ ਵੀ ਇਹਦੇ ਦੋ ਮਤਲਬ ਹੋਣ।

[21]ਰੋਮੀ ਨੀਤੀ ਸੀ ਕਿ ਜਦ ਤਕ ਸਥਾਨਕ ਧਾਰਮਿਕ ਨਿਯਮ ਜਾਂ ਰਵਾਇਤਾਂ ਰੋਮੀ ਕਾਨੂੰਨ ਦੇ ਰਾਹ ਵਿਚ ਡੱਕਾ ਨਹੀਂ ਬਣਦੀਆਂ ਤਦ ਤਕ ਉਨ੍ਹਾਂ ਵਿਚ ਦਖ਼ਲ ਨਾ ਦਿੱਤਾ ਜਾਵੇ। [22]ਮੈਂ ਫਿਰਕੂ ਕਲੀਸੀਆਵਾਂ (ਡਿਨੋਮੀਨੇਸ਼ਨਾਂ) ਦੇ ਪ੍ਰਚਾਰਕਾਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ''ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਜਾਂ ਨਹੀਂ; ਅਹਿਮ ਗੱਲ ਇਹ ਹੈ ਕਿ ਆਰੰਭਿਕ ਮਸੀਹੀ ਲੋਕਾਂ ਨੂੰ *ਲਗਦਾ* ਸੀ ਕਿ ਉਹ ਜੀ ਉੱਠਿਆ ਹੈ।'' [23]ਐਲਬਰਟ ਬਾਰਨਸ, *ਐਕਟਸ,* ਨੋਟਸ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1953), 344. [24]ਇਨ੍ਹਾਂ ਸ਼ਬਦਾਂ ਤੋਂ ਪਤਾ ਲਗਦਾ ਹੈ ਕਿ ਕੈਸਰ ਕੋਲ ਅਪੀਲ ਕਰਨ ਦੀ ਪੌਲੁਸ ਦੀ ਇਕ ਵਜ੍ਹਾ ਫ਼ਲਸਤੀਨ ਤੋਂ ਜਾਣ ਤੋਂ ਪਹਿਲਾਂ ਰੋਮ ਤੋਂ ਉਹਦਾ ਬਚਾਅ ਸੀ। ਪੌਲੁਸ ਦੇ ਮਨ ਵਿਚ ਇਹ ਸਭ ਸੀ ਜਾਂ ਨਹੀਂ, ਪਰ ਕੈਸਰ ਕੋਲ ਪੌਲੁਸ ਦੀ ਅਪੀਲ ਖ਼ੁਦਾ ਦੇ ਇੰਤਜ਼ਾਮ ਦਾ ਵਿਹਾਰਕ ਨਤੀਜਾ ਸੀ। [25]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਆਦਮੀ ਜਿਸਨੇ ਆਪਣੇ ਆਪ ਨੂੰ ਖ਼ੁਦਾ ਸਮਝਿਆ ਸੀ'' ਪਾਠ ਦੀ ਸਮੀਖਿਆ ਕਰੋ। [26]ਰੋਮ ਦੀ ਕਾਨੂੰਨ ਦੀ ਕਿਤਾਬ ਮੁਤਾਬਕ, ਸਰਬਉੱਚ ਅਦਾਲਤ ਦੀ ਹਿਰਾਸਤ ਵਿਚ ਭੇਜਦੇ ਸਮੇਂ ਕੈਦੀ ਦੇ ਨਾਲ ਇਕ ਲਿਖਤ ਰਿਪੋਰਟ ਭੇਜਣੀ ਜ਼ਰੂਰੀ ਹੁੰਦੀ ਸੀ। [27]''ਧੂਮਧਾਮ'' ਅਨੁਵਾਦ ਯੂਨਾਨੀ ਸ਼ਬਦ ਦੇ *phantasia* ਸ਼ਬਦ ਤੋਂ ਹੋਇਆ ਹੈ ਜਿਸ ਦਾ ਅਰਥ ''ਵਿਖਾਵਾ ਜਾਂ ਮੁਜ਼ਾਹਰਾ'' ਹੈ। ਇਹ ਸ਼ਬਦ ਜਿਸ ਤੋਂ ਅੰਗ੍ਰੇਜ਼ੀ ਦੇ ''ਫ਼ੈਂਟੇਸੀ'' ਅਤੇ ''ਫ਼ੈਂਟੈਸਟਿਕ'' ਸ਼ਬਦ ਨਿੱਕਲੇ ਹਨ, ਇਨ੍ਹਾਂ ਦੀ ਵਰਤੋਂ ਜ਼ਬਰਦਸਤ ਮੁਜ਼ਾਹਰੇ ਨੂੰ ਵਿਸਤਾਰ ਦੇਣ ਲਈ ਕੀਤੀ ਜਾਂਦੀ ਸੀ ਅਤੇ ਕਈ ਅਨੁਵਾਦਾਂ ਵਿਚ ਇਸ ਨੂੰ ''ਸ਼ਾਨਦਾਰ ਮੁਜ਼ਾਹਰਾ'' ਲਈ ਵਰਤਿਆ ਗਿਆ ਹੈ। [28]ਪੂਰੀ ਕਹਾਣੀ ਚਸ਼ਮਦੀਦ ਗਵਾਹੀ ਵਾਂਗ ਲਗਦੀ ਹੈ। ਸੰਭਵ ਹੈ ਕਿ ਮਸ਼ਹੂਰ ਵੈਦ ਲੂਕਾ ਨੂੰ ਉਸ ਮੌਕੇ ਸੱਦਾ ਦਿੱਤਾ ਗਿਆ ਹੋਵੇ। [29]ਚਾਰਲਸ ਆਰ. ਸਵਿੰਡੌਲ, *ਦ ਸਟ੍ਰੈਂਥ ਆਫ਼ ਐਨ ਇਗਜ਼ੈਕਟਿੰਗ ਪੈਸ਼ਨ* (ਅਨਾਹੇਮ, ਕੈਲੀਫ਼ੋਰਨੀਆ: ਇਨਸਾਈਟ ਫ਼ਾਰ ਲਿਵਿੰਗ, 1992), 125-26. [30]ਕਈਆਂ ਨੇ ਸੁਝਾਅ ਦਿੱਤਾ ਹੈ ਕਿ ਮਹਾਂ ਸਭਾ ਉੱਥੇ ਸੀ, ਪਰ ਅਜਿਹਾ ਲਗਦਾ ਨਹੀਂ। ਉਹ ਕਈ ਦਿਨ ਪਹਿਲਾਂ ਘਰ ਚਲੇ ਗਏ ਹੋਣਗੇ (ਆਇਤ 13 ਅਤੇ 14 ਵਿਚ ਸਮਾਂ ਬੀਤਣ 'ਤੇ ਧਿਆਨ ਦਿਓ)। ਪਰ ਹੋ ਸਕਦਾ ਹੈ ਕਿ ਇਲਾਕੇ ਦੇ ਰਸੂਖ਼ਦਾਰ ਲੋਕਾਂ ਵਿੱਚੋਂ ਕੁਝ ਯਹੂਦੀ ਉੱਥੇ ਹੋਣ। ਆਖ਼ਰ ਕੈਸਰੀਆ ਫ਼ਲਸਤੀਨ ਵਿਚ ਹੀ ਤਾਂ ਸੀ।

[31]ਵਿਲੀਅਮ ਬਾਰਕਲੇ, *ਦ ਐਕਟਸ ਆਫ਼ ਦ ਅਪੋਸਟਲਜ਼,* ਦ ਡੇਲੀ ਸਟੱਡੀ ਬਾਈਬਲ ਸੀਰੀਜ਼, ਸੋਧਿਆ ਅੰਕ (ਫ਼ਿਲਾਡੈਲਫ਼ੀਆ: ਵੈਸਟ ਮਿੰਸਟਰ ਪ੍ਰੈੱਸ, 1976), 175. [32]ਜੋਸੇਫ਼ਸ ਨੇ ਕਿਹਾ ਹੈ ਕਿ ਕੈਸਰੀਆ ਵਿਚ ਪੰਜ ਸਰਦਾਰ ਲਾਏ ਗਏ ਸਨ। ਇਨ੍ਹਾਂ ਸਭ ਅਧਿਕਾਰੀਆਂ ਦਾ ਇਕ ਹਜ਼ਾਰ ਤੋਂ ਵੱਧ ਲੋਕਾਂ 'ਤੇ ਇਖ਼ਤਿਆਰ ਸੀ ( ਇਸ ਕਿਤਾਬ ਵਿਚ ''ਅਤੇ ਉਨ੍ਹਾਂ ਕਿਆਫ਼ਾ ਲਾਇਆ'' ਪਾਠ ਵਿਚ ਰਸੂਲਾਂ ਦੇ ਕੰਮ 21:31 'ਤੇ ਨੋਟਸ ਵੇਖੋ)। [33]ਉਨ੍ਹਾਂ ਦੇ ਪਿਤਾ ਨੇ ਰਾਜਿਆਂ ਵਾਲਾ ਲਿਬਾਸ ਪਾਇਆ ਹੋਇਆ ਸੀ (*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਆਦਮੀ ਜਿਸਨੇ ਆਪਣੇ ਆਪ ਨੂੰ ਖ਼ੁਦਾ ਸਮਝਿਆ ਸੀ'' ਵਿਚ ਰਸੂਲਾਂ ਦੇ ਕੰਮ 12:21 'ਤੇ ਨੋਟਸ ਵੇਖੋ)। [34]ਜੀ. ਕੈਂਪਬੈੱਲ ਮੋਰਗਨ, *ਦ ਐਕਟਸ ਆਫ਼ ਦ ਅਪੋਸਟਲਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਫ਼ਲੇਮਿੰਗ ਐਚ. ਰੇਵਲ ਕੰ., 1988), 391 ਵਿਚ ਇਹ ਸ਼ਬਦ ਵਰਤੇ ਗਏ ਸਨ। [35]ਇਹ ਅੱਖਰ ''ਬੇਹੱਦ ਅਹਿਮ ਸ਼ਖ਼ਸ'' ਲਈ ਅੰਗ੍ਰੇਜ਼ੀ ਦਾ ਸੰਖੇਪ ਰੂਪ ਹਨ। [36]ਇਹ ਸੱਤ ਪੁਆਇੰਟ ਸਦਰਨ ਹਿਲਜ਼ ਚਰਚ ਆਫ਼ ਕ੍ਰਾਈਸਟ, ਅਬਿਲੇਨ, ਟੈਕਸਸ ਵਿਚ 5 ਅਪ੍ਰੈਲ 1987 ਨੂੰ ਦਿੱਤੇ ਰਿੱਕ ਐਚਲੇ ਦੇ ਸੰਦੇਸ਼ ''ਰਿਜ਼ਾਇਨਿੰਗ ਟੂ ਰਿਫ਼ਾਈਨਿੰਗ ਵਿੱਚੋਂ ਲਏ ਗਏ।''। [37]ਇਸ ਭਾਗ ਵਿਚ ਮੈਂ ਕੁਝ ਆਮ ਗੱਲਾਂ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਮੁਕੱਦਮਿਆਂ ਨੂੰ ਸੁਣਨ ਵਾਲਿਆਂ ਦੀਆਂ ਮੁਸ਼ਕਿਲਾਂ 'ਤੇ ਲਾਗੂ ਕਰਨਾ ਚਾਹੀਦਾ ਹੈ। [38]ਇਹ ਸਬੂਤ ਕਿ ਯਿਸੂ ਸਚਮੁਚ ਮੁਰਦਿਆਂ ਵਿੱਚੋਂ ਜੀ ਉੱਠਿਆ, ਲੋੜ ਮੁਤਾਬਕ ਜੋੜਿਆ ਜਾ ਸਕਦਾ ਹੈ। ਪੌਲੁਸ ਦੀ ਜ਼ਿੰਦਗੀ ਵਿਚ ਆਇਆ ਨਾਟਕੀ ਬਦਲਾਅ ਆਪਣੇ ਆਪ ਵਿਚ ਇਸ ਗੱਲ ਦਾ ਸਬੂਤ ਹੈ ਕਿ ਯਿਸੂ ਸਚਮੁਚ ਜ਼ਿੰਦਾ ਹੈ। [39]ਪ੍ਰਭੂ ਦੇ ਸੱਦੇ ਦਾ ਵਿਸਤਾਰ ਕਰਦੇ ਹੋਏ ਸੁਣਨ ਵਾਲਿਆਂ ਦੀ ਲੋੜ ਲਈ ਇਸ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ (ਮੱਤੀ 11:28-30)।

© 2009 Truth for Today